# ਅਣਕਹੀਆਂ ਕਹਾਣੀਆਂ



## ਅਨਮੋਲ ਕੌਰ

www.punjabilibrary.com

# 1. ਫਾਦਰਜ਼ ਡੇ

ਰੂਪ ਨੇ ਸੋਹਣੀਆਂ - ਸੋਹਣੀਆਂ ਫੁੱਲ ਬੂਟਿਆਂ ਵਾਹ ਕੇ ਆਪਣੇ ਪਾਪਾ ਜੀ ਲਈ ਇਕ ਨਿੱਕਾ ਜਿਹਾ ਕਾਰਡ ਬਣਾਇਆ ਸੀ। ਉਸਨੂੰ ਸਕੂਲ ਦਸਿਆ ਗਿਆ ਸੀ ਵੀ ਅੱਜ 'ਫਾਦਰਜ਼ ਡੇ' ਸੀ। ਪਾਪਾ ਉਸ ਦਿਨ ਕਿੰਨੇ ਖੁਸ਼ ਸੀ। ਉਸ ਦਿਨ ਓਹਨਾ ਨੇ ਰੂਪ ਦੇ ਨਿੱਕੇ ਨਿੱਕੇ ਹੱਥਾਂ ਨੂੰ ਫੜ ਉਸਨੂੰ ਕਿੰਨੀਆਂ ਜਗ੍ਹਾ ਘੁਮਾਇਆ ਸੀ।

"ਮੰਮੀ...! ਮੇਰੀਆਂ ਕਿਤਾਬਾਂ ਕਿੱਥੇ ਨੇ?" ਆਪਣੇ ਮੁੰਡੇ ਵੱਲੋਂ ਏਨੀ ਗੱਲ ਸੁਣ ਉਹ ਪੁਰਾਣੀਆਂ ਯਾਦਾਂ ਦੀਆਂ ਗਲੀਆਂ ' ਚੋਂ ਨਿਕਲ ਆਈ। "ਤੇਰੇ ਟੇਬਲ ਤੇ ਹੀ ਪਈਆਂ, ਧਿਆਨ ਨਾਲ ਦੇਖ" ਰੂਪ ਨੇ ਕਿਹਾ। ਅੱਗੋਂ ਕੋਈ ਜਵਾਬ ਨਾ ਮਿਲਿਆ। ਐਤਵਾਰ ਦਾ ਦਿਨ ਸੀ, ਤੇ ਉਹ ਬਾਲਕਨੀ ਵਿੱਚ ਬੈਠੀ ਗਰਮ ਚਾਹ ਦੇ ਘੁੱਟ ਭਰਦੀ ਬਾਹਰ ਦਾ ਨਜ਼ਾਰਾ ਦੇਖ ਰਹੀ ਸੀ। ਕਿੰਨੀ ਭੱਜ ਦੌੜ ਮਚੀ ਸੀ ਸਾਰੀ ਦੁਨੀਆਂ ਨੂੰ। ਕੋਈ ਏਧਰ ਭਜਿਆ ਜਾਂਦਾ ਸੀ, ਕੋਈ ਓਧਰ। ਉਸਨੇ ਦੁਨੀਆਂ ਦੀ ਭੱਜ ਦੌੜ ਨੂੰ ਪਰੇ ਕਰ ਫੋਨ ਚੱਕਿਆ ' ਤੇ ਵਟਸਐੱਪ ਖੋਲੀ। ਅੱਜ ਫਾਦਰਜ਼ ਡੇ ਸੀ। ਦੇਖਿਆ, ਸਭ ਨੇ ਅਪਣੇ ਪਿਤਾ ਨਾਲ ਤਸਵੀਰਾਂ ਪਾਇਆ ਸੀ। ਪਿਛਲੇ ਦੋ ਸਾਲਾਂ ਵਿੱਚ ਉਹ ਭੁੱਲ ਹੀ ਗਈ ਸੀ, ਵੀ ਫਾਦਰਜ਼ ਡੇ ਵੀ ਕੋਈ ਦਿਨ ਹੁੰਦਾ। ਅੱਜ ਉਸਨੂੰ ਸਵੇਰੇ ਹੀ ਯਾਦ ਸੀ, ਸਵੇਰੇ ਹੀ ਪਿਤਾ ਦੀ ਯਾਦ ਉਸਦੀਆਂ ਅੱਖਾਂ ' ਚ ਫੇਰਾ ਪਾ ਗਈ ਸੀ।

ਬਾਲਕਨੀ ' ਚ ਬੈਠੀ ਰੂਪ ਨੂੰ ਉਸਦਾ ਪਤੀ ਬੜੇ ਧਿਆਨ ਨਾਲ ਦੇਖ ਰਿਹਾ ਸੀ ਤੇ ਪੂਰੀ ਗੱਲ ਉਸਦੇ ਚਿਹਰੇ ਤੋਂ ਪੜ੍ਹ ਰਿਹਾ ਸੀ। ਉਸਨੇ ਰੂਪ ਨੂੰ ਕਿਹਾ "ਰੂਪ ਅੱਜ ਪਾਪਾ ਨੂੰ ਮਿਲ ਆਈਏ?"

"ਤੁਸੀਂ ਮੇਰੇ ਮੂੰਹ ਦੀ ਗੱਲ ਕਰਤੀ, ਮੈਂ ਵੀ ਇਹੀ ਕਹਿਣ ਵਾਲੀ ਸੀ, ਅੱਜ ਬਹੁਤ ਯਾਦ ਆ ਰਹੀ ਸੀ ਪਾਪਾ ਦੀ"

"ਚੱਲ ਉੱਠ, ਤਿਆਰ ਹੋ ਜਾ, ਸਹੁਰਾ ਸਾਹਬ ਨੂੰ ਮਿਲ ਅਉਨੇ ਆਂ ਅੱਜ" ਕਹਿੰਦੇ ਹੋਏ ਉਸਦਾ ਪਤੀ ਹੱਸ ਪਿਆ।

ਰੂਪ ਖੁਸ਼ੀ- ਖੁਸ਼ੀ ਤਿਆਰ ਹੋਣ ਚਲੀ ਗਈ, ਤੇ ਦਸਾਂ ਮਿੰਟਾ ' ਚ ਤਿਆਰ ਹੋ ਕੇ ਬਾਹਰ ਆ ਗਈ। "ਪੇਕਿਆਂ ਦੇ ਜਾਣ ਨੂੰ ਤਾਂ ਜਨਾਨੀਆਂ ਮਿੰਟ ਨੀ ਲਾਉਂਦੀਆਂ ਤਿਆਰ ਹੁੰਦੀਆਂ" ਰੂਪ ਦੇ ਪਤੀ ਹਸਦੇ ਹੋਏ ਕਿਹਾ। "ਹਾਂ-ਹਾਂ ਠੀਕ ਆ...ਹੁਣ ਚਲੀਏ?" ਰੂਪ ਨੂੰ ਮਿਲਣ ਦੀ ਜਲਦੀ ਸੀ। ਆਪਣੇ ਮੁੰਡੇ ਨੂੰ ਦਸ ਕੇ ਓਹ ਪਾਪਾ ਨੂੰ ਮਿਲਣ ਲਈ ਘਰੋਂ ਨਿਕਲ ਗਏ।

ਕਹਿਣ ਨੂੰ ਸਫਰ ਅੱਧੇ ਘੰਟੇ ਦਾ ਸੀ। ਪਰ ਰੂਪ ਨੂੰ ਇਹ ਰਸਤਾ ਬਹੁਤ ਲੰਬਾ ਜਾਪ ਰਿਹਾ ਸੀ। ਪਾਪਾ ਨੂੰ ਏਨੀ ਦੇਰ ਬਾਅਦ ਮਿਲਣ ਵਾਲੀ ਸੀ ਉਹ, ਉਸਨੂੰ ਖੁਸ਼ੀ ਏਨੀ ਸੀ, ਕਿ ਉਹ ਇਤੰਜ਼ਾਰ ਨਹੀਂ ਸੀ ਕਰ ਪਾ ਰਹੀ। ਅੱਧੇ ਘੰਟੇ ਬਾਅਦ, ਗੱਡੀ ਮੰਜ਼ਿਲ ' ਤੇ ਆ ਰੁਕੀ। ਰੂਪ ਜਲਦੀ ਜਲਦੀ ਗੱਡੀ ' ਚੋਂ ਨਿਕਲੀ, ਤੇ ਅੰਦਰ ਜਾ ਆਪਣੇ ਪਾਪਾ ਦਾ ਨਾਮ ਦੱਸ, ਉਹਨਾਂ ਦਾ ਕਮਰਾ ਪੁੱਛ, ਉਹਨਾਂ ਕੋਲ ਜਾ ਪਹੁੰਚੀ। ਉਸਦੇ ਪਾਪਾ ਬ੍ਰਿਧ ਆਸ਼੍ਰਮ ਵਿੱਚ ਰਹਿੰਦੇ ਸਨ। ਬੁਢਾਪੇ ਦਾ ਸਹਾਰਾ ਬੱਸ ਰੂਪ ਹੀ ਸੀ। ਰੂਪ ਦੀ ਮਾਂ ਦੋ ਸਾਲ ਪਹਿਲਾਂ ਸੰਸਾਰ ਤੋਂ ਚਲਾਣਾ ਕਰ ਗਈ ਸੀ। ਉਸ ਮਗਰੋਂ ਪਿਤਾ ਬਿਲਕੁਲ ਇੱਕਲੇ ਹੋ ਗਏ। ਰੂਪ ਨੇ ਓਹਨਾ ਨੂੰ ਆਪਣੇ ਨਾਲ ਲਿਜਾਣ ਨੂੰ ਕਿਹਾ ਸੀ। ਪਰ ਪਿਤਾ ਨੇ ਉਸਦੀ ਗੱਲ ਨਹੀਂ ਮੰਨੀ, ਤੇ ਬ੍ਰਿਧ ਆਸ਼੍ਰਮ ਚਲੇ ਗਏ ਸੀ। ਦੋ ਸਾਲ ਇੱਕਲੇ ਰਹਿਣ ਕਰਕੇ ਪਿਤਾ ਅਲਜ਼ਿਮਰ ਬਿਮਾਰੀ ਦਾ ਸ਼ਿਕਾਰ ਹੋ ਗਏ ਸੀ। ਜਿਸ

ਕਾਰਨ ਉਹ ਸਭ ਨੂੰ ਹੌਲੀ ਹੌਲੀ ਭੁੱਲ ਰਿਹੇ ਸੀ। ਪਿੱਛਲੇ ਸਾਲ ਜਦੋਂ ਰੂਪ ਓਹਨਾ ਨੂੰ ਮਿਲਣ ਆਈ ਸੀ, ਤਾਂ ਉਹ ਉਸਨੂੰ ਭੁੱਲ ਚੁੱਕੇ ਸੀ। ਉਸਤੋਂ ਬਾਅਦ ਰੂਪ ਕਦੇ ਪਿਤਾ ਨੂੰ ਮਿਲਣ ਨਹੀਂ ਸੀ ਗਈ। ਅੱਜ, ਉਸਨੂੰ ਪਤਾ ਸੀ, ਕੇ ਪਿਤਾ ਉਸਨੂੰ ਨਹੀਂ ਪਹਿਚਨਣਗੇ, ਫੇਰ ਵੀ ਉਹ ਆਈ ਸੀ, ਆਪਣੇ ਦਿਲ ਦੇ ਸੁਕੂਨ ਲਈ, ਜੋ ਸ਼ੁਰੂ ਤੋਂ ਹੀ ਉਸਨੂੰ ਆਪਣੇ ਪਿਤਾ ਨੂੰ ਦੇਖ ਮਿਲਦਾ ਸੀ। “ਸਤ ਸ੍ਰੀ ਅਕਾਲ, ਪਾਪਾ ਜੀ” ਰੂਪ ਨੇ ਹੱਥ ਜੋੜਿਆਂ ਪਿਤਾ ਨੂੰ ਬੁਲਾਇਆ। ਪਿਤਾ ਨੇ ਪਿੱਛੇ ਮੁੜ ਦੇਖਿਆ, ਤੇ ਕਿਹਾ “ਰੂਪ, ਤੂੰ?” ਇਹ ਸੁਣ ਜਿਵੇਂ ਰੂਪ ਜ਼ਮੀਨ ਤੋਂ ਉਠ ਹਵਾ ਦੀ ਹੋ ਗਈ। ਆਪਣਾ ਨਾਮ, ਆਪਣੇ ਪਿਤਾ ਦੇ ਮੂੰਹੋਂ ਸੁਣਨ ਨੂੰ ਉਹ ਤਰਸ ਗਈ ਸੀ। ਉਸਦੀਆਂ ਅੱਖਾਂ ਭਰ ਗਈਆਂ ਤੇ ਉਹ ਪਿਤਾ ਕੋਲ ਜਾ ਬੈਠੀ।

“ਪਾਪਾ, ਹੈਪੀ ਫਾਦਰਜ਼ ਡੇ!” ਕਹਿ ਉਸਨੇ ਪਿਤਾ ਨੂੰ ਇੱਕ ਕਾਰਡ ਦਿੱਤਾ। ਪਾਪਾ ਨੇ ਉਸਦੇ ਸਿਰ ' ਤੇ ਹੱਥ ਫੇਰਿਆ ਤੇ ਕਿਹਾ “ਰੂਪ, ਅੱਜ ਸਵੇਰ ਦਾ ਮੈਂ ਤੈਨੂੰ ਯਾਦ ਕਰਦਾ ਸੀ, ਬੜਾ ਹੀ ਦਿਲ ਸੀ, ਕੇ ਤੈਨੂੰ ਦੇਖ ਲਵਾਂ, ਤੂੰ ਤਾਂ ਮੇਰੇ ਦਿਲ ਦੀ ਸੁਣ ਲਈ”। ਓਹ ਫੇਰ ਓਹੀ ਨਿੱਕੀ ਜਿਹੀ ਰੂਪ ਬਣ ਪਾਪਾ ਦੇ ਗਲ ਲੱਗ ਗਈ ਤੇ ਬਹੁਤ ਰੋਈ, ਉਸਨੂੰ ਇੰਝ ਜਾਪ ਰਿਹਾ ਸੀ, ਜਿਵੇਂ ਉਹ ਕਿੰਨੀਆਂ ਮੁੱਦਤਾਂ ਬਾਅਦ ਅਪਣੇ ਪਿਤਾ ਨੂੰ ਮੁੜ ਦੇਖ ਰਹੀ ਸੀ, ਮਿਲ ਰਹੀ ਸੀ। ਖ਼ੂਨ ਦੇ ਰਿਸ਼ਤੇ, ਕਦੇ ਭੁਲਾਏ ਨਹੀਂ ਜਾਂਦੇ, ਚਾਹੇ ਲੱਖ ਬਿਮਾਰੀ ਹੋਵੇ, ਜਾਂ ਲੱਖ ਮਜਬੂਰੀ ਹੋਵੇ, ਦਿਲਾਂ ਦੇ ਤਾਰ ਕਦੇ ਨਹੀਂ ਟੁੱਟਦੇ। ਮਾਤਾ-ਪਿਤਾ ਦਾ ਰਿਸ਼ਤਾ ਕੁੱਝ ਅਜਿਹਾ ਹੀ ਹੁੰਦਾ, ਤੇ ਧੀਆਂ ਦਾ ਰਿਸ਼ਤਾ ਪਿਤਾ ਨਾਲ, ਬਹੁਤ ਹੀ ਅਜ਼ੀਜ਼ ਹੁੰਦਾ, ਜਿਸ ਵਿਚ ਕਿਹਾ ਕੁਝ ਨਹੀਂ ਜਾਂਦਾ, ਬੱਸ ਸਮਝਿਆ ਜਾਂਦਾ,

ਬੱਸ ਸੁਣਿਆ ਜਾਂਦਾ, ਤੇ ਏਨਾ ਕਾਫੀ ਹੁੰਦਾ। ਅੱਜ ਦਾ ਫਾਦਰਜ਼ ਡੇ, ਰੂਪ ਲਈ ਸਹੀ ਮਾਇਨਿਆਂ ਵਿੱਚ ਪਿਤਾ ਨੂੰ ਮਿਲਣ ਦਾ ਹੀ ਦਿਵਸ ਸੀ।

## 2. ਤੂਫ਼ਾਨ

ਹਫੜਾ ਡਫੜੀ ਚ ਪਈ ਅੰਮ੍ਰਿਤਾ ਦਰਾਜ ਫਰੋਲਦੀ ਕੁੱਝ ਲੱਭ ਰਹੀ ਸੀ, ਤੇ ਅਚਾਨਕ ਇੱਕ ਦਰਾਜ ਵਿੱਚੋਂ ਕੁੱਝ ਡਿੱਗਿਆ, ਇਨੀ ਆਵਾਜ਼ ਨਾਲ....ਜਿਵੇਂ ਧਰਤੀ ਤੇ ਆਸਮਾਨ ਉਤੋਂ ਕੜਕਦੀ ਬਿੱਜਲੀ ਡਿੱਗੀ ਹੋਵੇ। ਉਹ ਯਾਦਾਂ...ਉਹ ਦਿਨ...ਫੇਰ ਮੁੜ ਇੱਕ ਵਾਰ ਉਹ ਵਕ਼ਤ ਉਸਦੀਆਂ ਅੱਖਾਂ ਸਾਹਮਣੇ ਘੁੰਮ ਗਿਆ। ਕਿੰਨੀ ਖੁਸ਼ ਸੀ ਉਹ, ਜੱਦ ਵਿਆਹ ਹੋਇਆ, ਕਿੰਨੇ ਚਾਅ ਸੀ ਉਸਦੇ ਮਨ ਵਿੱਚ। ਮਨ ਵਿੱਚ ਹਰ ਵੇਲੇ ਗੀਤ ਗਾਉਂਦੀ ਰਹਿੰਦੀ, ਚਿੜੀਆਂ ਵਾਂਗ ਸਾਰਾ ਦਿਨ ਚਿਹਚਉਦੀ ਰਹਿੰਦੀ ।ਘੱਟ ਪੜ੍ਹੀ ਲਿੱਖੀ ਹੋਣ ਦੇ ਬਾਵਜੂਦ ਵੀ ਪੜ੍ਹਿਆ ਲਿਖਿਆ, ਅਮੀਰ, ਖਾਨਦਾਨੀ ਮੁੰਡਾ ਮਿਲਿਆ ਸੀ। ਅੰਮ੍ਰਿਤਾ ਨੂੰ ਆਪ ਤਾਂ ਕੁੱਝ ਨਹੀਂ ਸੀ ਆਉਂਦਾ, ਨਾ ਕੋਈ ਕੰਮ ਹੱਥੀਂ ਕਰਨਾ, ਨਾ ਬਹੁਤਾ ਪੜ੍ਹਨਾ ਲਿਖਣਾ, ਨਾ ਘਰ ਦੇ ਨਿੱਕੇ ਮੋਟੇ ਕੰਮ, ਕੁੱਝ ਵੀ ਨਹੀਂ। ਉਸਦਾ ਵਿਆਹ ਸਿਰਫ ਉਸ ਦੇ ਪਿਉ ਦੇ ਪੈਸੇ ਵਾਲੇ ਹੋਣ ਕਰਕੇ ਈ ਹੋਇਆ ਸੀ। ਉਸਨੂੰ ਸ਼ੁਰੂ ਤੋਂ ਹੀ ਇਹੀ ਲੱਗਦਾ ਸੀ, ਕੀ ਜ਼ਿੰਦਗੀ ਦੀ ਹਰ ਖੁਸ਼ੀ ਉਹ ਪੈਸੇ ਨਾਲ ਖਰੀਦ ਸਕਦੀ ਹੈ। ਪਰ ਸੱਚ ਤਾਂ ਹਮੇਸ਼ਾ ਕੌੜਾ ਹੀ ਹੁੰਦਾ, ਚਾਹੇ ਜਿੰਨਾ ਮਰਜੀ ਮਿੱਠਾ ਪਾ ਕੇ ਪੀਤਾ ਜਾਵੇ। ਬਚਪਨ ਤੋਂ ਉਸਦੀ ਹਰ ਜਿੱਦ ਪੁਗਾਉਣ ਲਈ ਉਸਦੇ ਬਾਪੂ ਨੇ ਕਦੇ ਕੋਈ ਵੀ ਕਮੀ ਨਹੀਂ ਸੀ ਛੱਡੀ। ਫੇਰ ਹੁਣ...?

ਇਸ ਵਾਰ ਕਿਉ ਨਹੀਂ, ਬਾਪੂ ਕਿਉਂ ਮੇਰੀ ਇਹ ਖੁਸ਼ੀ ਪੈਸੇ ਨਾਲ ਨਹੀਂ ਖਰੀਦ ਸਕਦਾ? ਕਿਉਂ ਹੋਇਆ ਇਹ ਸਭ ਮੇਰੇ ਨਾਲ ਹੀ? ਇਹੀ ਸੋਚਦੀ ਸੋਚਦੀ ਉਹ ਪੁਰਾਣੇ ਦਿਨਾਂ ਦੇ ਉਸ ਮਿੱਠੇ ਤੇ ਝੂਠੇ ਬਵੰਡਰ ਵਿੱਚੋਂ ਬਾਹਰ ਨਿਕਲਦੀ ਹੋਈ ਫੇਰ ਦਰਾਜ ਫਰੋਲਣ ਲੱਗ ਪਈ। “ਮੰਮੀ....!!” ਉਸਨੇ ਲੱਗਭਗ ਚੀਕਾਂ ਮਾਰਦੀ ਨੇ ਆਪਣੀ ਮਾਂ ਨੂੰ ਆਵਾਜ਼ ਲਗਾਈ। “ਕਿੰਨੀ ਵਾਰੀ ਕਿਹਾ ਮੇਰੀਆਂ ਚੀਜਾਂ ਨੂੰ ਨਾ ਛੇੜਿਆ ਕਰ ਹੁਣ ਮੇਰੇ ਉਹ ਕਾਗਜ਼ ਕਿੱਥੇ ਨੇ?” ਗੁੱਸੇ ਚ ਉਬਲਦੀ ਹੋਈ ਅੰਮ੍ਰਿਤਾ ਨੇ ਸਾਰਾ ਗੁੱਬਾਰ ਆਪਣੀ ਮਾਂ ਉੱਤੇ ਕੱਢ ਦਿੱਤਾ। ਉਸਦੀ ਮਾਂ ਵਿਚਾਰੀ ਅਨਪੜ ਅੰਗੂਠਾ ਛਾਪ ਸੀ, ਏਨੇ ਕਾਗਜ਼ਾਂ ਦੀ ਸਮਝ ਨਹੀਂ ਸੀ ਉਸਨੂੰ, ਉਹ ਕੁੱਝ ਝੁੰਜਲਾਉਂਦੀ ਹੋਈ ਬੋਲੀ “ਮੈਨੂੰ ਨਹੀਂ ਪਤਾ, ਤੂੰ ਹਰ ਵਾਰ ਆਪਣਾ ਸਮਾਨ ਰੱਖ ਕੇ ਭੁੱਲ ਜਾਂਦੀ ਐਂ ਤੇ ਦੋਸ਼ ਮੈਨੂੰ ਦੇ ਦੇਂਦੀ ਐਂ, ਵੇਖ ਲਾ ਹਾ ਏਧਰ ਈ ਹੁਣੇ ਕਿਤੇ।” ਕਹਿੰਦੀ ਹੋਈ ਉਹ ਰਸੋਈ ਚ ਜਾ ਕੇ ਕੰਮ ਕਰਨ ਵਿੱਚ ਲੱਗ ਗਈ।

ਅੰਮ੍ਰਿਤਾ ਫੇਰ ਉਹੀ ਭੰਭਲ ਭੁਸੇ ਚ ਪਈ ਕਾਗਜ਼ ਲੱਭਣ ਲੱਗੀ ਤਾਂ ਉਸਨੂੰ ਯਾਦ ਆਇਆ ਕਿ ਕੁੱਝ ਥਲੇ ਡਿੱਗਿਆ ਸੀ। ਚੱਕ ਕੇ ਦੇਖਿਆ ਤਾਂ ਤਸਵੀਰ ਸੀ ਉਸਦੀ ਤੇ ਬਾਪੂ ਦੀ, ਫੇਰ ਯਾਦਾਂ ਦੇ ਸਮੁੰਦਰ ਵਿੱਚ ਡੁੱਬ ਗਈ। ਉਹ ਦਿਨ...ਉਹ ਮਨਹੂਸ ਦਿਨ ਉਸਨੂੰ ਕਦੇ ਨਹੀਂ ਸੀ ਭੁੱਲਣਾ ਜਦੋਂ ਸਭ ਕੁੱਝ ਖ਼ਤਮ ਹੋ ਗਿਆ ਬਾਪੂ ਦੇ ਜਾਣ ਨਾਲ, ਉਸਦਾ ਰਿਸ਼ਤਾ, ਵਿਆਹ, ਨਵਾਂ ਪਰਿਵਾਰ, ਸੱਭ ਮੁਕ ਗਿਆ, ਇੱਕ ਦਿਨ...ਇੱਕ ਪੱਲ ਵਿੱਚ ਹੀ...ਸਭ ਮੁਕ ਗਿਆ, ਜਿਵੇਂ ਹਨੇਰੀ ਚਲੀ ਹੋਵੇ ਕੋਈ ਤੂਫ਼ਾਨੀ, ਜੋ ਸਭ ਨਾਲ ਈ ਲੇ ਗਈ, ਉਸਦੀਆਂ ਖੁਸ਼ੀਆਂ, ਪਰਿਵਾਰ, ਤੇ ਉਸਦਾ ਸਹਾਰਾ, ਉਸਦਾ ਬਾਪੂ। ਸੋਚਦੀ ਦੀਆਂ ਅੱਖਾਂ ਨਮ ਹੋ ਗਈਆਂ, ਅੱਖਾਂ ਪੂੰਝਦੀ ਹੋਈ ਨੂੰ ਕਾਗਜ਼ ਵੀ ਲੱਭ ਗਏ।

ਕਾਗਜ਼ ਉਹ, ਜਿਹਨਾਂ ਦੇ ਅੰਦਰ ਲਿਖਿਆ ਸੀ, ਉਸਦੀ ਜਿੰਦਗੀ ਦਾ ਅਹਿਮ ਫੈਸਲਾ। ਉਸਦੀ ਧੀ...ਜੋ ਪਤੀ ਕੋਲ ਸੀ, ਜੋ ਅੰਮ੍ਰਿਤਾ ਦੇ ਜਿਊਣ ਦਾ ਇੱਕੋ ਇੱਕ ਸਹਾਰਾ ਸੀ। ਤੇ ਕਿਸੇ ਵੀ ਕੀਮਤ ਤੇ ਉਹ ਆਪਣੀ ਧੀ ਨੂੰ ਆਪਣੇ ਕੋਲ ਰੱਖਣਾ ਚਾਉਂਦੀ ਸੀ। ਕਾਗਜ਼ ਲੈ ਕੇ ਉਹ ਪਹੁੰਚ ਗਈ, ਅਦਾਲਤ, ਉਸਦਾ ਪਤੀ ਜੋ ਕਿ ਉਸਨੂੰ ਛੱਡ ਚੁੱਕਾ ਸੀ, ਉਹ ਵੀ ਉੱਥੇ ਹੀ ਸੀ, ਓਹਨਾ ਦੀ ਧੀ ਨਿਮ੍ਰਤਾ ਨਾਲ। ਅੰਮ੍ਰਿਤਾ ਦੂਰੋਂ ਹੀ ਦੇਖਦੀ ਰਹੀ ਸਭ, ਨਾ ਕੁੱਝ ਬੋਲੀ, ਨਾ ਕਿਸੇ ਕੋਲ ਗਈ। ਘੜੀਆਂ ਇਤੰਜ਼ਾਰ ਕਰਨ ਮਗਰੋਂ ਉਹਨਾਂ ਦੀ ਸੁਣਵਾਈ ਦੀ ਵਾਰੀ ਆਈ। ਅਦਾਲਤ ਵਿੱਚ ਬੈਠੀ ਅੰਮ੍ਰਿਤਾ ਦਾ ਦਿੱਲ ਜੋਰ ਜੋਰ ਦੀ ਧੜਕਣ ਲੱਗ ਪਿਆ। ਹੱਥ ਜੋੜਦੀ ਉਹ ਰੱਬ ਤੋਂ ਅਰਦਾਸ ਕਰਦੀ ਆਪਣੀ ਧੀ ਮੰਗਣ ਲੱਗ ਪਈ। ਪਰ...ਕਿਸਮਤ, ਕਦੇ ਸਾਡੇ ਮੁਤਾਬਕ ਨਹੀਂ ਚਲਦੀ, ਅੰਮ੍ਰਿਤਾ, ਧੀ ਨੂੰ ਸੰਭਾਲਣ ਦਾ ਸਾਮਰਥ ਨਹੀਂ ਰੱਖਦੀ ਸੀ, ਇਸ ਕਰਕੇ ਕੇਸ ਹਾਰ ਗਈ, ਕੁੜੀ ਦੀ ਕਸਟਡੀ ਪਿਓ ਕੋਲ ਗਈ। ਤੇ ਅੰਮ੍ਰਿਤਾ,ਸਦਾ ਲਈ...ਫੇਰ...ਇੱਕਲੀ ਰਹਿ ਗਈ। ਇੱਕ ਹੋਰ ਤੂਫ਼ਾਨ ਉਸਦੀ ਇਕੋ ਮਤਰ ਖੁਸ਼ੀ ਨੂੰ ਵੀ ਉਧਾਲ ਕੇ ਨਾਲ ਹੀ ਲੈ ਗਿਆ।

## 3. ਦਿਲਾਂ ਦੀ ਸਾਂਝ

ਮਾਨਸਾ ਦੇ ਪਿੰਡ ਗਗੋਵਾਲ ਦੀਆਂ ਗਲੀਆਂ ਵਿੱਚ ਇੱਕ ਨਿੱਕਾ ਜਿਹਾ ਘਰ, ਜਿਸਦੀ ਡਿਊੜੀ ਵਿੱਚ ਸ: ਸੋਹਣ ਸਿੰਘ ਬੈਠੇ ਅਖਬਾਰ ਪੜ੍ਹ ਰਹੇ ਨੇ, ਤੇ ਸਾਰੇ ਘਰ ਨੂੰ ਖਬਰਾਂ ਸੁਣਾ ਰਹੇ ਨੇ। “ਸਤਵੰਤ ਕੌਰੇ, ਦੇਖ ਦੁਨੀਆਂ ਕਿੰਨੀ

ਅੱਗੇ ਵੱਧ ਗਈ, ਭਾਰਤ ਮੰਗਲ ਤਕ ਪਹੁੰਚ ਗਿਆ, ਦੇਖ..." ਸੋਹਣ ਆਪਣੀ ਬਿਸਤਰ ਤੇ ਪਈ ਪਤਨੀ ਸਤਵੰਤ ਨੂੰ ਅਖਬਾਰ ਵਿੱਚ ਛਪੀਆਂ ਤਸਵੀਰਾਂ ਦਿਖਾ ਰਿਹਾ ਸੀ। ਓਹ ਅੱਖਾਂ ਬੰਦ ਕਰ ਪਈ ਸੀ, ਤੇ ਉਸਦੀ ਸਮਝ ਤੋਂ ਪਰੇ ਸੀ ਇਹ ਸਭ ਗਲਾਂ ਕਿਉਂਕਿ ਨਾ ਓਹ ਕੁੱਝ ਸੁਣ ਸਕਦੀ ਨਾ ਕੁਝ ਸਮਝ ਸਕਦੀ ਸੀ, ਬੱਸ ਜਿੰਦਾ ਲਾਸ਼ ਬਣੀ ਪਈ ਸੀ। ਦੋ ਸਾਲ ਪਹਿਲਾਂ ਪੌੜੀਆਂ ਤੋਂ ਡਿੱਗ ਗਈ। ਜਿਸ ਕਾਰਨ ਹਮੇਸ਼ਾ ਲਈ ਮੰਜੇ ਤੇ ਪੈ ਗਈ। ਸੋਹਣ ਸਿੰਘ ਨੂੰ ਪਤਨੀ ਨਾਲ ਬਹੁਤ ਪਿਆਰ ਸੀ। ਓਹ ਉਸਦੀ ਪੂਰਾ ਦਿਲ ਲਾ ਕੇ ਦੇਖਭਾਲ ਕਰਦਾ, ਉਸਨੂੰ ਰੋਜ਼ ਖਬਰਾਂ ਪੜ੍ਹ ਸੁਣਾਉਂਦਾ, ਉਸਦੇ ਕੋਲ ਰੇਡਿਓ ਲਾ ਕੇ ਉਸਨੂੰ ਗਾਣੇ ਸੁਣਾਉਂਦਾ, ਉਸ ਨਾਲ ਸਾਰਾ ਦਿਨ ਗਲਾਂ ਕਰਦਾ ਤੇ ਸਾਰਾ ਦਿਨ ਉਸ ਦੇ ਸਿਰਹਾਣੇ ਬੈਠਾ ਰਹਿੰਦਾ।

ਅਖੀਰ ਪਤਨੀ ਤੋਂ ਇਲਾਵਾ ਓਸਦਾ ਹੈ ਈ ਕੌਣ ਸੀ? ਸਤਵੰਤ ਦੀ ਇਹ ਹਾਲਤ ਹੋਣ ਮਗਰੋਂ ਨੂੰਹ - ਪੁੱਤ ਨੇ ਵੀ ਇਹ ਕਹਿ ਕੇ ਮੂੰਹ ਫੇਰ ਲਿਆ ਵੀ ਸਾਥੋਂ ਨਹੀਂ ਸਾਂਭੀ ਜਾਂਦੀ ਇਹ। ਤੇ ਮਾਂ ਪਿਓ ਨੂੰ ਇੱਕ ਦੂਜੇ ਦੇ ਭਰੋਸੇ ਛੱਡ, ਆਪ ਸ਼ਹਿਰ ਜਾ ਵੱਸ ਗਏ। ਸਤਵੰਤ ਦੀ ਹਾਲਤ ਪੁੱਤਰ ਦੇ ਜਾਣ ਮਗਰੋਂ ਹੋਰ ਵਿਗੜ ਗਈ। ਹਾਲਾਕਿ ਸੋਹਣ ਉਸਨੂੰ ਦਿਲਾਸੇ ਦਿੰਦਾ ਰਹਿੰਦਾ ਵੀ ਸਭ ਨਾਲ ਹੀ ਨੇ, ਪਰ ਉਸਨੂੰ ਕੋਈ ਦਿਸਦਾ ਨਾ ਹੋਣ ਕਰਕੇ ਸਭ ਪਤਾ ਲੱਗ ਜਾਂਦਾ। ਪਿੱਛਲੇ ਛੇ ਮਹੀਨਿਆਂ ਤੋਂ ਉਹ ਸੋਹਣ ਦੀਆਂ ਗਲਾਂ ਦਾ ਕੋਈ ਜਵਾਬ ਨਹੀਂ ਸੀ ਦੇ ਰਹੀ। ਸੋਹਣ ਰੋਜ ਉਸ ਨਾਲ ਓਵੇਂ ਈ ਗਲਾਂ ਕਰਦਾ, ਕਿਸੇ ਜਵਾਬ ਮਿਲਣ ਦੀ ਉਮੀਦ ਨਹੀਂ ਸੀ ਰਖਦਾ, ਬੱਸ ਆਪਣੇ ਆਪ ਨੂੰ ਤਸੱਲੀਆਂ ਦਿੰਦਾ ਰਹਿੰਦਾ ਸੀ।

ਅੱਜ ਓਹ ਸਾਰੇ ਘਰ ਨੂੰ ਖਬਰਾਂ ਪੜ੍ਹ ਪੜ੍ਹ ਸੁਣਾ ਰਿਹਾ ਸੀ। "ਸੁਣੀਆਂ ਰਾਜਵੀਰ, ਦੇਖ ਤਾਂ ਸਹੀ ਆਹਾ ਫੋਟੋ....ਦੇਖ ਮੰਗਲਯਾਨ ਬਣਾਇਆ...ਭਾਰਤ ਦਾ ਨਾਮ ਰੌਸ਼ਨ ਹੋ ਗਿਆ" ਆਪਣੇ ਮੁੰਡੇ ਦਾ ਨਾਮ ਲੈ, ਉਸਨੂੰ ਖਬਰਾਂ ਸੁਣਾ ਰਿਹਾ ਸੀ। ਜਾਣੇ ਉਹ ਕਿਉਂ ਇੰਝ ਝੂਠ ਬੋਲ ਬੋਲ ਆਪਣੇ ਆਪ ਨੂੰ ਦਿਲਾਸੇ ਦਿੰਦਾ ਸੀ। ਲੋਕ ਕਹਿੰਦੇ ਵੀ ਪਰਿਵਾਰ ਨਹੀਂ ਹੈ ਨਾਲ, ਜੀਵਨਸਾਥੀ ਮਰਿਆਂ ਵਰਗਾ ਹੈ, ਕੱਲਾ ਸ਼ਦਾਈ ਹੋ ਗਿਆ। ਪਰ ਉਹ ਉਸ ਦਿਨ ਤੋਂ ਘਰ ਦੀ ਦੇਉੜੀ ਵਿਚੋਂ ਨਹੀਂ ਸੀ ਉਠਿਆ, ਜਦੋਂ ਦੇ ਉਸਦੇ ਬੱਚੇ ਉਸਨੂੰ ਛੱਡ ਗਏ ਸੀ। ਬਸ ਬਾਹਰ ਦੇਖਦਿਆਂ ਅੱਖਾਂ ਆਪਣੇ ਲਾਡਲੇ ਨੂੰ ਬੇਸਬਰੀ ਉਡੀਕਦੀਆਂ ਰਹਿੰਦੀਆਂ। ਅੱਜ ਸਵੇਰ ਦੀ ਸਤਵੰਤ ਕੌਰ ਕੋਈ ਹਿਲਜੁਲ ਨਹੀਂ ਸੀ ਕਰ ਰਹੀ, ਬੱਸ ਅੱਖਾਂ ਬੰਦ ਕਰ ਸ਼ਾਂਤ ਪਈ ਸੀ। ਸੋਹਣ ਉਸ ਨਾਲ ਬਾਰ ਬਾਰ ਗੱਲ ਕਰਦਾ, ਪਰ ਉਹ ਪੱਥਰ ਵਾਂਗ ਇੱਕ ਜਗ੍ਹਾ ਪਈ ਸੀ। ਉਸਨੇ ਡਾਕਟਰ ਨੂੰ ਬੁਲਾਇਆ। ਡਾਕਟਰ ਆਇਆ, ਨਬਜ਼ ਦੇਖੀ ਤਾਂ ਕਿਹਾ ਕਿ "ਇਹ ਤਾਂ ਹੁਣ ਨਹੀਂ ਰਹੇ"। ਸੋਹਣ ਨੂੰ ਵਿਸ਼ਵਾਸ ਨਾ ਹੋਇਆ। ਉਸਨੇ ਡਾਕਟਰ ਨੂੰ ਮੁੜ ਦੇਖਣ ਲਈ ਕਿਹਾ, ਪਰ ਜੋ ਚਲੇ ਗਏ ਉਹ ਬਾਰ ਬਾਰ ਝੰਜੋੜਨ ਨਾਲ ਕਦੇ ਮੁੜ ਆਏ ਨੇ? ਸੋਹਣ ਨੇ ਆਪਣੇ ਪੁੱਤਰ ਨੂੰ ਫੋਨ ਲਗਾਇਆ, ਵੀ ਇੱਕ ਅਖੀਰੀ ਵਾਰ ਮਾਂ ਨੂੰ ਦੇਖ ਲਵੇ। ਉਸਨੇ ਆ ਜਾਉਂ ਕਹਿ ਕੇ ਫੋਨ ਕੱਟ ਦਿੱਤਾ। ਸ਼ਾਮ ਹੋ ਚੱਲੀ, ਪੁੱਤ ਨਾ ਆਇਆ। ਸੋਹਣ ਨੇ ਸਤਵੰਤ ਕੋਲ ਬੈਠ ਕਿਹਾ "ਦੇਖ.., ਜਿਸ ਪੁੱਤ ਲਈ ਤੂੰ ਹਰ ਜਗ੍ਹਾ ਮੱਥੇ ਟੇਕੇ, ਨੱਕ ਰਗੜੇ, ਅੱਜ ਦੇਖ, ਤੈਨੂੰ ਅਖੀਰੀ ਵਾਰ ਦੇਖਣ ਤੱਕ ਨਾ ਆ ਸਕਿਆ, ਤੇਰੀ ਅਰਥੀ ਨੂੰ ਅੱਗ ਦੇਣ ਨਾ ਆ ਸਕਿਆ, ਪੁੱਤ ਪੁੱਤ ਕਰਦੀ ਰਹੀ ਤੂੰ ਸਾਰੀ ਉਮਰ, ਧੀ ਨਾ ਜੰਮਣ ਦਿੱਤੀ, ਆਹ ਵੇਖ ਆਪਣਾ ਪੁੱਤ, ਬੁੱਢੇ ਬਰੇਆਂ ਨੂੰ ਸਾਨੂੰ

ਕਲੇ ਛੱਡ ਤੁਰਦਾ ਹੋਇਆ…"। ਅਖੀਰ ਪੁੱਤ ਦਾ ਇੰਤਜ਼ਾਰ ਕਰਦੀਆਂ ਅਰਥੀ ਚੁੱਕੀ ਗਈ ਤੇ ਸ਼ਮਸ਼ਾਨ ਪਹੁੰਚਾਈ ਗਈ। ਅਰਥੀ ਨੂੰ ਅੱਗ ਵੀ ਸੋਹਣ ਨੇ ਆਪ ਦਿੱਤੀ। ਹੌਲੀ ਹੌਲੀ ਸੱਭ ਚਲੇ ਗਏ, ਸੋਹਣ ਓਥੇ ਹੀ ਬੈਠਾ ਰਿਹਾ, ਆਪਣੀ ਪਤਨੀ ਕੋਲ…ਉਸ ਨਾਲ, ਅਖੀਰੀ ਕੁਝ ਪਲ ਬਿਤਾਉਣ ਲਈ। ਬੈਠਾ ਬੈਠਾ ਉੱਥੇ ਈ ਸੌ ਗਿਆ, ਤੇ ਸਦਾ ਲਈ ਸੁੱਤਾ ਰਹਿ ਗਿਆ। ਆਪਣੇ ਜੀਵਨ ਸਾਥੀ ਨਾਲ ਕੀਤੇ ਵਾਅਦੇ ਨੂੰ ਨਿਭਾਉਂਦਿਆਂ, ਮਰਣ ਤੋ ਬਾਅਦ ਵੀ ਉਸਦਾ ਹੱਥ ਫੜ ਨਾਲ ਹੀ ਤੁਰ ਪਿਆ।

## 4. ਅਰਥੀ

ਅੱਜ ਵੇਹੜੇ ' ਚ ਮੈਂ ਤੇ ਮੇਰੀ ਨਿੱਕੀ ਭੈਣ ਨੱਚ ਰਹੀਆਂ ਸਾਂ। ਖੁਸ਼ੀ ਸੀ, ਏਨਾ ਯਾਦ ਨਹੀਂ ਕਿਸ ਗੱਲ ਦੀ। ਬੱਸ ਬਾਪੂ ਕਹਿੰਦਾ ਸੀ, ਵੀ ਮੈਨੂੰ ਕੋਈ ਆਪਦੇ ਨਾਲ ਵਿਆਹ ਕੇ ਲੈ ਜਾਉ। ਅਠਾਂ ਸਾਲਾਂ ਦੇ ਨਿਆਣੇ ਲਈ ਵਿਆਹ ਦਾ ਮਤਲਬ ਕੀ ਹੁੰਦਾ? ਨਵੇਂ ਕੱਪੜੇ, ਨਵੀਆਂ ਜੁੱਤੀਆਂ, ਸੱਜਣਾ ਸਵਰਨਾ ਬੱਸ ਇਹੀ, ਹੋਰ ਕੀ? ਇਹੀ ਮਤਲਬ ਮੇਰੇ ਲਈ ਵੀ ਸੀ। ਬਾਪੂ ਦੇ ਇਹ ਗੱਲ ਕਹਿਣ ਦੇ ਦੋ ਕੁ ਮਹੀਨੇ ਬਾਅਦ ਮੇਰਾ ਨਿੱਕਾ ਜਿਹਾ, ਲੱਗਭਗ ਮੇਰੀ ਉਮਰ ਦਾ ਹੀ, ਸਿਹਰਿਆਂ ਵਾਲਾ ਮੈਨੂੰ ਵਿਆਹੁਣ ਆ ਗਿਆ। ਜੱਦ ਮੈਂ ਉਸਨੂੰ ਚੁਬਾਰੇ ਦੀ ਖਿੜਕੀ ' ਚੋਂ ਦੇਖਿਆ ਸੀ, ਮੈਨੂੰ ਜਮਾ ਨਹੀਂ ਸੀ ਫੱਬਿਆ ਉਹ। ਕਿੰਨਾ ਮੋਟੂ ਜੇਹਾ ਸੀ। ਨਿੱਕੀ ਨੇ ਮੈਨੂੰ ਕਿਹਾ ਵੀ ਲਗਦਾ ਤੇਰੇ ਹਿੱਸੇ ਦਾ ਵੀ ਇਹੀ ਖਾਜੁ, ਤੇ ਮੈਂ ਬੜੀ ਖਿੜਖਿੜਾ ਕੇ ਹੱਸੀ ਸਾਂ। ਬੱਸ ਏਨੀ ਦੇਰ ਨੂੰ ਘੜੀ ਦਾ ਅਲਾਰਮ ਦੁਬਾਰਾ ਮੇਰੇ ਕੰਨਾਂ ' ਚ ਵੱਜਿਆ ਤੇ ਮੈਂ ਸੁਪਨਿਆਂ ਦੀ ਦੁਨੀਆਂ 'ਚੋਂ

ਨਿੱਕਲ ਆਈ। ਘੜੀ ਵੱਲ ਵੇਖਿਆ ਤਾਂ ਸਵੇਰ ਦੇ ਛੇ ਵੱਜ ਰਿਹੇ ਸੀ। ਅੱਜ ਫੇਰ ਮੈਨੂੰ ਦੇਰ ਹੋ ਗਈ। ਮੈਂ ਝੱਟ ਦੇਣੀ ਉੱਠ ਨਹਾ ਧੋ ਕੇ ਰਸੋਈ ਵੱਲ ਨੂੰ ਭੱਜੀ। ਸਾਹਮਣੇ ਮੇਰੀ ਸੱਸ ਖੜੀ ਘੂਰੀ ਵੱਟਦੀ ਬੋਲੀ " ਆ ਗਈ ਜਾਗ ਮਹਾਰਾਣੀ ਨੂੰ! ਹਾਂ ਸੌਣ ਨੂੰ ਹੀ ਤਾਂ ਲਿਆਉਂਦੀ, ਮਾਂ ਨੇ ਕੁੱਝ ਸਿਖਾ ਕੇ ਨਹੀਂ ਭੇਜੀ, ਜਾ ਸੌਂਜਾਂ ਮੁੜ ਜਾ ਕੇ, ਨਹੀਂ ਅਸੀਂ ਤਾਂ ਨੌਕਰ ਬੈਠੇ ਆ ਤੇਰੇ, ਵੀ ਮਹਾਰਾਣੀ ਉੱਠ ਕੇ ਆਊ, ਫੇਰ ਇਸਦੇ ਹੁਕਮ ਨਾਲ ਹੀ ਕੋਈ ਕੰਮ ਹੋਊ, ਦਸੋ ਮਹਾਰਾਣੀ ਜੀ ਚਾਹ ਪਿਯੂੰਗੇ..." ਇਕੋ ਸਾਹੇ ਉਸਨੇ ਤਾਹਨਿਆਂ ਦੀ ਲੜੀ ਲਾ ਦਿੱਤੀ। ਮੈਂ ਸਭ ਕੁਝ ਸੁਣਿਆਂ ਅਣਸੁਣਿਆ ਕਰ ਛੇਤੀ ਰੋਟੀ ਬਣਾਉਣ ਵਿੱਚ ਲੱਗ ਪਈ।

ਵਿਆਹ ਤਾਂ ਬਚਪਨ ' ਚ ਹੀ ਹੋ ਗਿਆ ਸੀ। ਪਰ ਸਹੁਰਿਆਂ ਦੇ ਘਰ ਨਾਲ ਵਾਕਫ਼ ਮੈਂ ਹਲੇ ਕੁੱਝ ਦਿਨ ਪਹਿਲਾਂ ਹੀ ਹੋਈ ਸਾਂ। ਏਧਰ ਦੇ ਅਸੂਲ ਸਾਡੇ ਘਰ ਤੋਂ ਬਹੁਤ ਹੀ ਵੱਖਰੇ ਸੀ, ਜਾਂ ਸ਼ਾਇਦ ਸਿਰਫ ਮੇਰੇ ਲਈ ਹੀ ਵੱਖਰੇ ਸੀ। ਆਪਣੇ ਪੇਕਿਆਂ ਦੇ ਘਰ ਤਾਂ ਮੈਂ ਅੱਠ ਵੱਜੇ ਉੱਠਦੀ ਸਾਂ। ਉੱਠਦੇ ਸਾਰ ਹੀ ਮੇਰੀ ਬੇਬੇ ਚਾਹ ਦੀ ਪਿਆਲੀ ਮੇਰੇ ਮੂਹਰੇ ਰੱਖ ਦਿੰਦੀ, ਤੇ ਚਾਹ ਪੀਤੇ ਬਿਨਾ ਮੈਂ ਬਿਸਤਰ ਵਿਚੋਂ ਬਾਹਰ ਨਹੀਂ ਸੀ ਨਿਕਲਦੀ। ਅੱਜ ਬੇਬੇ ਬਹੁਤ ਯਾਦ ਆ ਰਹੀ ਸੀ। ਅਕਸਰ ਜਦੋਂ ਕੰਮ ਕਰਦੇ ਕਰਦੇ ਮੈਂ ਗਲਤੀਆਂ ਕਰ ਬੈਠਦੀ ਤਾਂ ਉਹ ਕਹਿੰਦੀ ਵੀ ਸੱਸ ਤੋਂ ਗਾਲਾਂ ਖਾਏਂਗੀ, ਤੇ ਉਸਦੀਆਂ ਇਹ ਗਲਾਂ ਅਕਸਰ ਮੈਂ ਹੱਸ ਕੇ ਹੀ ਟਾਲ ਦਿੰਦੀ। ਮੇਰਾ ਸੁਭਾਅ ਸਦਾ ਹੀ ਹਾਸੇ ਠੱਠੇ ਨਾਲ ਭਰਿਆ ਸੀ। ਪਰ ਜਦੋਂ ਦੀ ਏਧਰ ਆਈ ਹਾਂ, ਹਾਸਾ ਤਾਂ ਜਿਵੇਂ ਉਥੇ ਹੀ ਛੱਡ ਆਈ ਸਾਂ। ਸ਼ਾਇਦ ਇਹਨਾਂ ਛੇ ਦਿਨਾਂ ' ਚ ਮੈਂ ਹੱਸਣਾ ਹੀ ਭੁੱਲ ਗਈ। ਮੇਰੀ ਸੱਸ ਨੇ ਕਦੇ ਮਾਂ ਵਾਲਾ ਵਰਤਾਓ ਨਹੀਂ ਕੀਤਾ। ਮੇਰੀ ਸਹੇਲੀ ਨੀਟਾ ਦੀ ਸੱਸ ਤਾਂ ਉਸਨੂੰ ਖ਼ੂਬ ਪਿਆਰ ਕਰਦੀ ਹੈ। ਉਹ ਤੀਆਂ ਵੇਲੇ ਆਉਂਦੀ ਸੀ, ਤਾਂ ਦੱਸਦੀ

ਸੀ ਵੀ ਉਸਦੀ ਸੱਸ ਤਾਂ ਉਸਨੂੰ ਬੇਬੇ ਤੋਂ ਵੀ ਵੱਧ ਪਿਆਰ ਕਰਦੀ ਹੈ, ਉਸਨੂੰ ਘਰ ਦਾ ਕੋਈ ਕੰਮ ਨਹੀਂ ਕਰਨਾ ਪੈਂਦਾ, ਉਸਦੀ ਸੱਸ ਉਸਨੂੰ ਤਾਹਨੇ ਵੀ ਨਹੀਂ ਮਾਰਦੀ। ਫੇਰ ਮੇਰੀ ਸੱਸ ਕਿਉਂ ਏਦਾਂ ਦੀ ਹੈ। ਜਦੋਂ ਉਹ ਭਾਰੇ ਜਿਹੇ ਸ਼ਰੀਰ ਨਾਲ ਤੁਰਦੀ ਮੇਰੇ ਵੱਲ ਘੂਰੀਆਂ ਵੱਟਦੀ ਹੈ, ਤਾਂ ਜਮਾਂ ਹੀ ਰਾਖਸ਼ੀ ਜੇਹੀ ਲਗਦੀ ਹੈ। ਕਈ ਵਾਰੀ ਤਾਂ ਉਸਨੂੰ ਤੁਰਦੀ ਆਉਂਦੀ ਵੇਖ ਮੈਂ ਅੰਦਰੋਂ ਅੰਦਰੀ ਹੱਸ ਪੈਂਦੀ ਹਾਂ ਤੇ ਕਈ ਵਾਰੀ ਡਰ ਵੀ ਜਾਂਦੀ ਹਾਂ। ਓਹ ਮੇਰੀ ਬੇਬੇ ਵਾਂਗ ਮੇਰੇ ਨਾਲ ਗਲਾਂ ਨਹੀਂ ਕਰਦੀ, ਬੱਸ ਮੈਨੂੰ ਏਹੋ ਕਹਿੰਦੀ ਹੈ ਵੀ ਛੇਤੀ ਪੋਤੇ ਦਾ ਮੂੰਹ ਵਿਖਾ ਦੇ। ਮੈਂ ਕਦੇ ਉਸ ਨਾਲ ਬੋਲੀ ਹੀ ਨਹੀਂ, ਬੱਸ ਹਾਂ ਨਾਹ ਵਿਚ ਸਿਰ ਹਿਲਾ ਦਿੰਦੀ ਹਾਂ। ਜੱਦ ਵੀ ਮੈਂ ਆਪਣੇ ਸਿਹਰਿਆਂ ਵਾਲੇ ਨੂੰ ਉਸਦੀ ਸ਼ਿਕਾਇਤ ਕਰਦੀ ਹਾਂ, ਤਾਂ ਉਹ ਪੁੱਠਾ ਮੇਰੇ ਤੇ ਹੀ ਬਰਸ ਪੈਂਦਾ ਹੈ, ਆਖਦਾ ਹੈ ਵੀ ਮੇਰੀ ਮਾਂ ਬਾਰੇ ਬੁਰਾ ਨਾ ਕਿਹਾ ਕਰ। ਦੱਸ..! ਇਹ ਵੀ ਕੋਈ ਗੱਲ ਹੈ?

ਅੱਜ ਮੇਰੀ ਬੇਬੇ ਆਈ ਸੀ, ਮੈਨੂੰ ਲੈਣ ਲਈ। ਮੈਂ ਕੁਝ ਦਿਨ ਆਪਣੇ ਪੇਕਿਆਂ ਦੇ ਰਹਿਣਾ ਸੀ। ਮੈਂ ਝੱਟ ਦੇਣੀ ਉਸ ਲਈ ਪਾਣੀ ਦਾ ਗਲਾਸ ਭਰ ਲਿਆਈ। ਜਿਵੇਂ ਹੀ ਮੇਰੀ ਬੇਬੇ ਗਲਾਸ ਚੁੱਕਣ ਲੱਗੀ ਤਾਂ ਸੱਸ ਬੋਲ ਪਈ "ਨੀ ਕੁੜੀਏ! ਅਕਲ ਨੂੰ ਹੱਥ ਮਾਰ, ਮਾ ਪੇ ਤਾਂ ਕੁੜੀ ਦੇ ਘਰ ਦੇ ਪਾਣੀ ਦਾ ਘੁੱਟ ਨਾ ਭਰਣ... ਤੂੰ ਗਲਾਸ ਭਰ ਲਿਆਈ ਐ..! ਲੈ ਜਾ ਮੋੜ ਕੇ"। ਮੈਨੂੰ ਉਸ ਰਾਖਸ਼ੀ ਜੇਹੀ ਤੇ ਬੜਾ ਗੁੱਸਾ ਆਇਆ। ਮੈਂ ਬੇਬੇ ਵਿਚਾਰੀ ਦੇ ਹੱਥੋਂ ਗਲਾਸ ਫੜਿਆ ਤੇ ਲੈ ਗਈ। ਮੇਰਾ ਸਮਾਨ ਬੰਨਿਆ ਹੀ ਪਿਆ ਸੀ, ਸੋ ਮੈਂ ਉਸੇ ਵੇਲੇ ਬੇਬੇ ਨਾਲ ਤੁਰ ਪਈ। ਸਾਰੇ ਰਸਤੇ ਤਾਂ ਬੇਬੇ ਮੇਰੇ ਨਾਲ ਕੁਝ ਨਾ ਬੋਲੀ। ਘਰ ਪਹੁੰਚਦਿਆਂ ਹੀ ਮੈਨੂੰ ਕਹਿਣ ਲੱਗੀ ਵੀ ਮੈਂ ਅਪਣੀ ਸੱਸ ਦੀ ਸੇਵਾ ਕਰਿਆ ਕਰਾਂ। ਮੈਂ ਗੁੱਸੇ ਵਿੱਚ ਆ ਕੇ ਕਿਹਾ ਵੀ ਉਹ ਤਾਂ ਰਾਖਸ਼ੀ ਹੈ , ਹਰ ਵੇਲੇ ਘੂਰੀਆਂ ਵੱਟ ਵੱਟ ਵੇਖਦੀ ਐ।

ਮੇਰੀ ਬੇਬੇ ਨੂੰ ਜਾਣੇ ਉਸ ਵਕ਼ਤ ਕੀ ਹੋਇਆ, ਉਸਨੇ ਜੋਰਦਾਰ ਚਪੇੜ ਮੇਰੇ ਮੂੰਹ ਤੇ ਜੜ ਦਿੱਤੀ ਤੇ ਬੋਲੀ "ਹੁਣ ਤੋਂ ਓਹੀ ਤੇਰਾ ਘਰ, ਤੇ ਓਹੀ ਤੇਰਾ ਪਰਿਵਾਰ ਐ, ਸਾਡੇ ਵਲੋਂ ਕਦੇ ਕੋਈ ਉਮੀਦ ਨਾ ਰੱਖੀਂ, ਜਿੱਥੇ ਕੁੜੀ ਦੀ ਡੋਲੀ ਜਾਂਦੀ, ਉਥੋਂ ਹੀ ਅਰਥੀ ਉੱਠਣੀ ਚਾਹੀਦੀ ਐ" ਏਨਾ ਕਹਿ ਉਹ ਚੁੱਪ ਹੋ ਗਈ, ਤੇ ਮੈਂ ਬੱਸ ਉਸ ਵਲ ਵੇਖਦੀ ਹੀ ਰਹਿ ਗਈ। ਵਿਆਹ ਦੇ ਅਸਲੀ ਮਾਇਨੇ ਤਾਂ ਮੈਨੂੰ ਅੱਜ ਸਮਝ ਆਏ ਸੀ। ਹੁਣ ਇਕ ਪਲ ਵੀ ਉਸ ਘਰ ਵਿਚ ਰਹਿਣਾ ਮੇਰੇ ਸਾਹਾਂ ਨੂੰ ਘੁੱਟ ਰਿਹਾ ਸੀ। ਮੈਂ ਔਖੀ ਸੌਖੀ ਨੇ ਪਾਸੇ ਵੱਟਦੀ ਨੇ ਰਾਤ ਕੱਢੀ, ਤੇ ਦਿਣੇਂ ਪਹਿਲੀ ਬਸ ਨਾਲ ਹੀ ਮੈਂ ਆਪਣੇ ਘਰ ਮੁੜ ਪਰਤਣ ਲਈ ਤੁਰ ਪਈ। ਕਦੇ ਜਿਸ ਘਰ ਤੋਂ ਮੇਰੀ ਡੋਲੀ ਉਠੀ ਸੀ, ਅੱਜ ਉਸੇ ਘਰ ਤੋਂ ਮੇਰੇ ਰਿਸ਼ਤਿਆਂ ਦੀ ਅਰਥੀ ਉੱਠ ਗਈ ਸੀ।

## 5. ਓਹ ਬਗੀਚੀ

ਅਧਖੜ ਬੁੱਢਾਪਾ, ਤੇ ਕੰਬਦੀਆਂ ਲੱਤਾਂ, ਝੁਕਿਆ ਲੱਕ, ਤੇ ਭੁਰਿਆਂ ਹੱਡੀਆਂ, ਅਠਾਨਵੇਂ ਸਾਲਾਂ ਦੇ ਲੰਬੇ ਸਫਰ ' ਚ ਉਹ ਦੁਨੀਆਂ ਦੇ ਤਮਾਮ ਚਿਹਰੇ, ਇੱਕੋ ਤੱਕਣੀ ' ਚ ਪੜ੍ਹ ਸੱਕਦਾ ਸੀ। ਜੇਠ ਦਾ ਮਹੀਨਾ ਸੀ, ਤੇ ਟਿਕਵੀਂ ਧੁੱਪ ਨਾਲ ਸੱਜਰੀ ਦੁਪਹਿਰ ' ਚ ਪੂਰਾ ਗਰਮੀ ਦਾ ਕਹਿਰ ਸੀ। ਉਂਝ ਕਹਿਣ ਨੂੰ ਸਾਰੇ ਘਰ ' ਚ ਏ. ਸੀ. ਲੱਗੇ ਸੀ, ਪਰ ਉਸਨੂੰ ਆਪਣੀ ਮੰਝੀ ਛੱਤ ' ਤੇ ਢਾਹ ਕੇ ਬੈਠਣ ਦੀ ਆਦਤ ਸੀ। ਪੁਰਾਣੇ ਸਮਿਆਂ ਦਾ ਆਦਮੀ ਸੀ, ਜਿਸਨੂੰ ਕੁਦਰਤ ਨਾਲ ਅਥਾਹ ਪਿਆਰ ਸੀ। ਉਸਨੇ ਛੱਤ ' ਤੇ ਹੀ ਆਪਣੀ ਇੱਕ ਨਿੱਕੀ ਜਿਹੀ

ਬਗੀਚੀ ਬਣਾਈ ਹੋਈ ਸੀ, ਤੇ ਸਾਰਾ ਦਿਨ ਉਸ ਮਗਰ ਹੀ ਰਹਿੰਦਾ ਸੀ। ਸਵੇਰੇ ਉੱਠਦਿਆਂ ਹੀ ਆਪਣੇ ਨਿੱਕੇ ਜਿਹੇ ਪੜੋਤੇ  ਨੂੰ ਚੁੱਕ ਕੇ ਆਉਂਦਾ, ਤੇ ਸਾਰੇ ਰੰਗ - ਬਰੰਗੇ ਫੁੱਲ ਵਾਰੋ ਵਾਰੀ ਦਿਖਾਉਂਦਾ। ਓਹ ਨਿੱਕਾ ਜੀਅ, ਫੁੱਲ ਵੇਖ - ਵੇਖ ਬੜਾ ਈ ਖੁਸ਼ ਹੁੰਦਾ। ਪੜਦਾਦੇ ਦਾ ਪਿਆਰ ਨਸੀਬਾਂ ਵਾਲਿਆਂ ਨੂੰ ਹੀ ਮਿਲਦਾ, ਉਹਨਾਂ ਅੰਦਰ ਦੋ ਪੁਸ਼ਤਾਂ ਦਾ ਅਪਾਰ, ਭਰਪੂਰ ਪਿਆਰ ਹੁੰਦਾ।

ਹੌਲੀ ਹੌਲੀ ਵਕ਼ਤ ਬੀਤਿਆ, ਪੋਹ ਦੀਆਂ ਠੰਡੀਆਂ ਸਵੇਰਾਂ ਦੇ ਮੌਸਮ ਸੀ। ਸਵੇਰੇ ਸਵੇਰੇ ਚਿੜੀਆਂ ਉਸਦੀ ਬਗੀਚੀ ' ਚ ਖੂਬ ਗਾਣੇ ਗਾਉਂਦੀਆਂ। ਨੂੰਹ ਵੀ ਚਾਹ ਫੜਾਉਣ ਦੇ ਬਹਾਨੇ ਆ ਕੇ ਕੁਦਰਤ ਦਾ ਅਨਮੋਲ ਖ਼ਜ਼ਾਨਾ ਮਾਣ ਲੈਂਦੀ। ਪਰਿਵਾਰ ਨਾਲ ਖੂਬ ਪਿਆਰ ਸੀ ਉਸਦਾ, ਤੇ ਓਹਨਾ ਤੋਂ ਵੱਧ ਆਪਣੇ ਨਿੱਕੇ ਜਿਹੇ ਪੰਝੀ ਸਾਲਾਂ ਦੇ ਪੜੋਤੇ ਨਾਲ। ਓਹ ਸਦਾ ਹੀ ਆਪਣੀ ਆਦਤ ਮੁਤਾਬਿਕ ਉਸਨੂੰ ਫੁੱਲ ਦਿਖਾਉਣ ਛੱਤ ' ਤੇ ਲੈ ਆਉਂਦਾ। ਪਰ ਅੱਜ ਹਾਲਾਤ ਕੁੱਝ ਮਾੜੇ ਸੀ, ਮੰਝੀ ਤੋਂ ਉੱਠਿਆ ਨਹੀਂ ਸੀ ਜਾ ਰਿਹਾ। ਪੜੋਤੇ ਨੇ ਵੱਡੇ ਦਾਦੂ ਦਾ ਇੰਤਜ਼ਾਰ ਬਹੁਤ ਕੀਤਾ, ਪਰ ਅੱਜ ਉਸਦੇ ਵੱਡੇ ਦਾਦੂ ਬਹੁਤ ਬੀਮਾਰ ਸਨ। ਸਵੇਰ ਦੀ ਚਾਹ ਵੀ ਮੂੰਹ ਨੂੰ ਨਾ ਲਾਈ, ਤੇ ਰੋਟੀ ਵੀ ਨਹੀਂ। ਸ਼ਰੀਰ ਸਾਥ ਛੱਡਦਾ ਜਾ ਰਿਹਾ ਸੀ, ਤੇ ਕੁੱਝ ਵਕ਼ਤ ' ਚ ਹੀ ਰੂਹ ਸ਼ਰੀਰ ਨੂੰ ਤਿਆਗ ਆਪਣੇ ਸਫ਼ਰ ' ਤੇ ਤੁਰ ਪਈ।

ਉਸਦੇ ਜਾਣ ਮਗਰੋਂ, ਉਸ ਵਿੱਚ ਜਾਨ ਪਾਉਣ ਵਾਲਾ ਉਹ ਬਗੀਚਾ ਵੀ ਸੁੱਕ ਗਿਆ, ਤੇ ਹੌਲੀ ਹੌਲੀ ਘਰੋਂ ਬਾਹਰ ਹੋ ਗਿਆ। ਉਸ ਦੀ ਯਾਦ ਵੱਜੋਂ ਬੱਸ ਤਸਵੀਰਾਂ ਹੀ ਸੀ ਘਰ ਵਿਚ। ਉਸਦਾ ਲਾਡਲਾ ਪੜੋਤਾ ਹੁਣ ਛੱਬੀ ਸਾਲਾਂ ਦਾ ਨੌਜਵਾਨ ਹੋ ਗਿਆ ਸੀ। ਇੱਕ ਦਿਨ ਉਸਨੂੰ ਪੁਰਾਣੀਆਂ ਤਸਵੀਰਾਂ ਫਰੋਲਦੇ

ਨੂੰ ਆਪਣੇ ਵੱਡੇ ਦਾਦੂ ਦਾ ਬਗੀਚਾ ਯਾਦ ਆ ਗਿਆ। ਇੱਕ ਤਸਵੀਰ ਵਿੱਚ ਉਹ ਆਪਣੇ ਦਾਦੂ ਦੀ ਗੋਦ 'ਚ ਸੀ, ਤੇ ਮਗਰ ਕਿੰਨੇ ਸਾਰੇ ਸੋਹਣੇ, ਵੱਡੇ - ਛੋਟੇ, ਰੰਗ - ਬਰੰਗੇ ਫੁੱਲ ਸਨ। ਓਹ ਤਸਵੀਰਾਂ ਸਮੇਟ, ਛੱਤ ਵੱਲ ਨੂੰ ਤੁਰ ਪਿਆ। ਓਹੀ ਬਗੀਚਾ ਮੁੜ ਅੱਖਾਂ ਮੂਹਰੇ ਆਉਣ ਲਗੇਆ। ਅਗਲੇ ਹੀ ਦਿਨ ਓਹ ਕਈ ਸਾਰੇ ਗਮਲੇ, ਫੁੱਲਾਂ ਦੇ ਬੀਜ, ਪਨੀਰੀਆਂ ਲੈ ਆਈਆਂ, ਤੇ ਮੁੜ ਓਹੀ ਬਗੀਚੀ ਬਣਾਉਣ ਵਿੱਚ ਰੁਝ ਗਿਆ। ਫੁੱਲ ਕੁਝ ਹਫ਼ਤਿਆਂ ' ਚ ਖਿੜ ਉਠੇ, ਤੇ ਫੇਰ ਉਦਾਂ ਦੀ ਹੀ ਸੁੰਦਰ ਬਗੀਚੀ ਤਿਆਰ ਹੋ ਗਈ। ਤੇ ਹੁਣ ਦਾਦਾ ਸਿਰਫ ਤਸਵੀਰਾਂ ' ਚ ਹੀ ਨਹੀਂ, ਓਸ ਬਗੀਚੀ ' ਚ ਜਿਊਂਦਾ ਸੀ, ਸਾਹ ਲੈਂਦਾ ਸੀ।

## 6. ਦੇਹਲੀਜ

ਚੁੱਪ ਚਾਪ ਬੈਠੀ ਉਹ ਬਲਦੀ ਅੱਗ ਨੂੰ ਨਿਹਾਰ ਰਹੀ ਸੀ। ਕਦੇ ਆਪਣੇ ਹੱਥਾਂ ਵਿੱਚ ਫੜੇ ਕਾਗ਼ਜ਼ਾਂ ਨੂੰ ਦੇਖਦੀ, ਕਦੇ ਅੱਗ ਨੂੰ। ਜਿੰਨਾ ਸੇਕ ਅੱਗ ਚ ਸੀ, ਉਸਤੋਂ ਵੱਧ ਸੇਕ ਨਾਲ ਉਸਦਾ ਦਿਲ ਸੜ ਰਿਹਾ ਸੀ। ਕੀ ਫ਼ਾਇਦਾ ਸੀ ਏਨੀਆਂ ਡਿਗਰੀਆਂ, ਏਨੇ ਹੁਸ਼ਿਆਰ, ਏਨੇ ਸਰਟੀਫਿਕੇਟ ਹੋਣ ਦਾ? ਜੱਦ ਏਨੇ ਮਾੜੇ ਵਕ਼ਤ ਵੀ ਇਹ ਕੰਮ ਨਾ ਆ ਸਕੀਆਂ। ਬਾਪੂ ਸਾਰੀ ਫ਼ਸਲ ਖਰਾਬ ਹੋਣ ਕਰਕੇ ਜ਼ਿੰਦਗੀ ਦੀ ਲੜਾਈ ਹਾਰ ਗਿਆ, ਮਾਂ ਵੀ ਉਸਦੇ ਮਗਰ ਹੋ ਪਈ, ਜੱਦ ਦਾਦੇ ਕੋਲ ਨੌਕਰੀ ਕਰਨ ਬਾਰੇ ਗੱਲ ਕੀਤੀ ਤਾਂ ਘਰ ਦੀਆਂ ਕੁੜੀਆਂ ਬਾਹਰ ਨਹੀਂ ਜਾ ਸਕਦੀਆਂ ਕਹਿ ਕੇ ਟਾਲ ਦਿੱਤੀ ਗਈ। ਤੇ ਹੁਣ.....

ਰੋਟੀਓਂ ਵੀ ਔਖੇ। ਉਸਨੇ ਗੁੱਸੇ 'ਚ ਆ ਅੱਗ ਬਾਲੀ, ਤੇ ਸੋਚਿਆ, ਅੱਜ ਸਭ ਸਾੜ ਦਵੇਗੀ। ਪਰ ਹਿੰਮਤ ਨਹੀਂ ਹੋਈ, ਇਨੇ ਸਾਲਾਂ ਦੀ ਮਿਹਨਤ, ਕਿਵੇਂ ਅੱਗ 'ਚ ਫੂਕ ਦਿੰਦੀ। ਹਾਰ ਕੇ ਓਹ ਅੱਗ ਮੂਹਰਿਓਂ ਉੱਠੀ, ਆਪਣੇ ਕਾਗਜ਼ ਚੱਕੇ, ਸਮਾਨ ਲਪੇਟਿਆ, ਤੇ ਘਰੋਂ ਭੱਜਣ ਦੀ ਸੋਚਣ ਲੱਗੀ। ਪਰ ਦੇਹਲੀਜ ਤੋਂ ਪਾਰ ਨਾ ਲੰਘ ਸਕੀ। ਜਿਵੇਂ ਈ ਪੈਰ ਪੁੱਟਣ ਲੱਗਦੀ, ਮਾਂ ਪੇ ਪਰਿਵਾਰ ਮੂਹਰੇ ਦਿੱਸਦਾ। ਜਾਣੇ ਲੋਕ ਕੀ ਗਲਾਂ ਬਣਾਉਣਗੇ, ਇਹ ਸੋਚ ਉਹ ਅੰਦਰੇ ਵੜ ਗਈ। ਸਵੇਰੇ ਉਠੀ, ਖੇਤੋਂ ਆਏ ਦਾਦੇ ਨੂੰ ਚਾਹ ਫੜਾਉਣ ਗਈ। ਉਸਨੇ ਕੋਲ ਬਿਠਾ ਲਿਆ ਤੇ ਸਿਰ ਤੇ ਹੱਥ ਫੇਰਦਾ ਬੋਲਿਆ "ਧੀਏ, ਤੇਰੀ ਨੋਕਰੀ ਵਾਲੀ ਗੱਲ ਸਹੀ ਸੀ, ਮੈਂ ਗੱਲ ਕੀਤੀ ਸਰਪੰਚ ਨਾਲ, ਉਹ ਤੈਨੂੰ ਪਿੰਡ ਦੇ ਸਕੂਲੇ ਮੈਡਮ ਲਗਵਾ ਦਊ, ਤੂੰ ਕੱਲ ਤੋਂ ਸਕੂਲੇ ਚਲੀ ਜਾਇਆ ਕਰੀਂ" ਏਨਾ ਸੁਣਦਿਆਂ ਹੀ ਉਸਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। "ਥੈਂਕ ਯੂ ਦਾਦਾ ਜੀ...ਮੈਨੂੰ ਪਤਾ ਸੀ ਤੁਸੀਂ ਮੰਨ ਜਾਉਂਗੇ" ਕਹਿ ਉਹ ਦਾਦੇ ਦੇ ਗਲ ਲੱਗ ਗਈ। ਅਸਲ 'ਚ ਦਾਦੇ ਨੇ ਰਾਤ ਉਸਨੂੰ ਘਰ ਦੀ ਦਹਿਲੀਜ ਤੋਂ ਵਾਪਸ ਮੁੜਦੇ ਦੇਖ ਲਿਆ ਸੀ।

## 7. ਗੱਲ ਸਹਿਨ ਕਰਨ ਦੀ ਹੈ

"ਬੱਚਿਓ! ਔਰਤ ਰੱਬ ਦਾ ਦੂਜਾ ਰੂਪ ਹੁੰਦੀ ਹੈ, ਸਾਡੀ ਜਨਨੀ, ਜੋ ਸਾਨੂੰ ਜਨਮ ਦਿੰਦੀ ਹੈ, ਤੇ ਇਸ ਦੁਨੀਆਂ ਨੂੰ ਦੇਖਣ ਦਾ ਇਕ ਜਰੀਆ ਹੈ। ਰੱਬ ਆਪ ਜਿੱਥੇ ਨਹੀਂ ਪਹੁੰਚ ਸਕਦਾ ਉਥੇ ਔਰਤ ਨੂੰ ਭੇਜਦਾ। ਤਾਂ ਆਪਣੇ ਆਸ

ਪਾਸ ਜਿੰਨੀਆਂ ਵੀ ਔਰਤਾਂ ਹਨ, ਉਹਨਾਂ ਦੀ ਇੱਜ਼ਤ ਕਰੋ। ਵੱਡੀ ਉਮਰ ਦੀ ਔਰਤ ਨੂੰ ਮਾਂ ਸਮਝੋ ਤੇ ਛੋਟੀ ਉਮਰ ਦੀ ਔਰਤ ਨੂੰ ਆਪਣੀ ਭੈਣ।" ਕਹਿੰਦੇ ਹੋਏ ਪ੍ਰਿੰਸੀਪਲ ਬਲਜੀਤ ਸਿੰਘ ਨੇ ਆਪਣੀ ਸਪੀਚ ਖਤਮ ਕੀਤੀ। ਪਿੰਡ ਦੇ ਸਰਕਾਰੀ ਸਕੂਲ ਵਿੱਚ ਮਹਿਲਾ ਦਿਵਸ ਮਨਾਇਆ ਜਾ ਰਿਹਾ ਸੀ, ਤੇ ਬੱਚਿਆਂ ਨੂੰ ਦਸਿਆ ਜਾ ਰਿਹਾ ਸੀ, ਜਾਂ ਕਹੋ ਸਿਖਾਇਆ ਜਾ ਰਿਹਾ ਸੀ ਔਰਤ ਦੀ ਇੱਜ਼ਤ ਕਰਨਾ। ਪੰਜਵੀਂ ਜਮਾਤ ਦੀ ਲਾਇਨ ਚ ਸਬਤੋਂ ਪਿੱਛੇ ਬੈਠੀ ਇੱਕ ਨਿੱਕੀ ਜਿਹੀ ਕੁੜੀ, ਸੁਨੀਤਾ, ਇਹ ਸਭ ਸੁਣ ਰਹੀ ਸੀ। ਇਹ ਸਭ ਸਮਝਣ ਨੂੰ ਹਜੇ ਉਹ ਬਹੁਤ ਛੋਟੀ ਸੀ। ਪਰ ਹਾਂ, ਏਨਾ ਜਰੂਰ ਸਮਝ ਗਈ ਸੀ ਕੇ ਔਰਤ ਦੀ ਇਜ਼ੱਤ ਕਰੋ। "ਪਰ ਸਰ ਡੈਡੀ ਮੇਰੀ ਮਾਂ ਨੂੰ ਰੋਜ ਹੀ ਮਾਰਦੇ" ਕਹਿੰਦੇ ਹੋਏ ਉਸਨੇ ਹੱਥ ਖੜਾ ਕਰ ਦਿੱਤਾ। ਸਾਰੀ ਅਸੈਂਬਲੀ ਵਿਚ ਸੁੰਨ ਛਾ ਗਈ। ਜਿਵੇਂ ਕੋਈ ਵੱਸਦਾ ਈ ਨਾ ਹੋਵੇ। ਬਲਜੀਤ ਨੂੰ ਸਮਝ ਨਾ ਆਵੇ ਕੇ ਹੁਣ ਇਸ ਨਿੱਕੀ ਬੱਚੀ ਨੂੰ ਕਿਵੇਂ ਸਮਝਾਇਆ ਜਾਵੇ। "ਪੁੱਤ ਤੂੰ ਬਹਿ ਜਾ, ਡੈਡੀ ਮਮੀ ਦੇ ਮਸਲਿਆਂ ਚ ਬੱਚੇ ਨਹੀਂ ਪੈਂਦੇ" ਕਹਿੰਦੇ ਹੋਏ ਬਲਜੀਤ ਨੇ ਉਸਨੂੰ ਟਾਲ ਦਿੱਤਾ। ਤੇ ਟੀਚਰ ਨੂੰ ਉਸਦੇ ਮਾਂ ਪਿਓਂ ਨਾਲ ਮਿਲਾਉਣ ਲਈ ਕਿਹਾ। ਰਾਸ਼ਟਰਗਾਨ ਹੋਇਆ, ਤੇ ਸਾਰੇ ਬੱਚੇ ਆਪਣੀਆਂ ਕਲਾਸਾਂ ਵੱਲ ਨੂੰ ਮੁੜ ਗਏ।

ਬਲਜੀਤ ਦੇ ਕਹੇ ਅਨੁਸਾਰ ਸੁਨੀਤਾ ਦੇ ਮਾਂ ਪਿਓ ਨੂੰ ਬੁਲਾਇਆ ਗਿਆ। ਬਲਜੀਤ ਨੇ ਉਹਨਾਂ ਨੂੰ ਸਮਝਾਇਆ ਕਿ ਬੱਚੇ ਸਾਹਮਣੇ ਨਾ ਲੜਿਆ ਕਰੋ, ਬੁਰਾ ਅਸਰ ਪੈਂਦਾ, ਤੇ ਸਵੇਰ ਦੀ ਅਸੈਂਬਲੀ ਦੀ ਸਾਰੀ ਗੱਲ ਦਸੀ। ਮਾਫੀ ਮੰਗਦੇ ਹੋਏ ਦੋਵੇਂ ਘਰ ਪਰਤ ਗਏ। ਪਰ ਸੁਨੀਤਾ ਲਈ, ਘਰ ਬੜਾ ਵੱਡਾ ਕਲੇਸ਼ ਇਤੰਜ਼ਾਰ ਕਰ ਰਿਹਾ ਸੀ। ਘਰ ਪਹੁੰਚਦਿਆਂ ਈ ਪਹਿਲਾਂ ਪਿਓ ਤੋਂ

ਛਿੱਤਰ ਪੈ ਗਏ। “ਮੇਰੀ ਕਿਸਮਤ ਈ ਖਰਾਬ, ਰੱਬ ਨੇ ਦੋ ਦੋ ਨਹਸ਼ਾਂ ਮੇਰੇ ਪੱਲੇ ਪਾ ਦਿੱਤੀਆਂ, ਦੋਵੇਂ ਇਕ ਤੋਂ ਵੱਧ ਕੇ ਇਕ, ਜੀਣਾ ਹਰਾਮ ਕਰ ਰੱਖਿਆ ਤੁਸੀ ਦੋਵਾਂ ਨੇ ਮੇਰਾ, ਇੱਕ ਤੂੰ ਨਹੇਸ਼, ਜਦੋਂ ਦਾ ਘਰ ਪੈਰ ਪਾਇਆ ਮੇਰੇ ਕੋਈ ਖੁਸ਼ੀ ਨੀ ਬਚੀ, ਉਤੋਂ ਆਹਾ ਪੱਥਰ ਜੰਮ ਕੇ ਮੇਰੇ ਮੱਥੇ ਮਾਰਿਆ।” ਉਸਦੀਆਂ ਗਲਾਂ ਸੁਣਦਿਆਂ ਦੋਵੇਂ ਮਾਵਾਂ ਧੀਆਂ ਇਕ ਦੂਜੇ ਦੇ ਗਲ ਲੱਗ ਰੋਂਦੀਆਂ ਰਹੀਆਂ। “ਤੂੰ ਕਿਹੋ ਜਿਹੀ ਮਾਂ ਐ, ਇਹ ਕਿੰਨਾ ਕੁਝ ਬੋਲ ਦਿੰਦਾ ਮੈਨੂੰ, ਤੂੰ ਕੁਝ ਕਹਿੰਦੀ ਕਿਉਂ ਨਹੀਂ?” ਕਹਿੰਦੇ ਹੋਏ ਸੁਨੀਤਾ ਮਾਂ ਉਤੇ ਬਰਸ ਪਈ। “ਧੀਏ, ਸਾਡੇ ਜਨਾਨੀਆਂ ਦੇ ਕਰਮਾਂ ਚ ਇਹੀ ਹੁੰਦਾ, ਬੱਸ ਇਹਨਾਂ ਬੰਦਿਆਂ ਦੀਆਂ ਲਾਹਨਤਾਂ ਤੇ ਮਾਰਾਂ” ਕਹਿੰਦੇ ਹੋਏ ਸੁਨੀਤਾ ਦੀ ਮਾਂ ਫੇਰ ਰੋ ਪਈ। “ਪਰ ਸਕੂਲੇ ਤਾਂ ਸਰ ਕਹਿੰਦੇ ਸੀ ਵੀ ਔਰਤ ਰੱਬ ਦਾ ਰੂਪ ਹੁੰਦੀ, ਰੱਬ ਨਾਲ ਵੀ ਕੋਈ ਇੰਝ ਕਰਦਾ ਭਲਾ? ਵੇਖੀ ਮਾਏ ਇਸਨੂੰ ਪਾਪ ਲੱਗੂ” ਸੁਨੀਤਾ ਨੇ ਆਪਣੀ ਮਾਂ ਦੇ ਹੰਜੂ ਪੂੰਝੇ।

ਵਕ਼ਤ ਬੀਤਦਾ ਗਿਆ, ਗਰਮੀ, ਸਿਆਲ, ਸਾਉਣ, ਮਹੀਨੇ ਲੰਘਦੇ ਰਹੇ ਤੇ ਇਸ ਗੱਲ ਨੂੰ ਪੰਜ ਸਾਲ ਬੀਤ ਗਏ। ਸੁਨੀਤਾ ਹੁਣ 16 ਸਾਲ ਦੀ ਮੁਟਿਆਰ ਹੋ ਗਈ ਸੀ ਤੇ ਦਸਵੀਂ ਜਮਾਤ ਚ ਪੜ੍ਹਦੀ ਸੀ। ਉਮਰ ਬਦਲ ਗਈ, ਪਰ ਹਾਲਾਤ ਨਾ ਬਦਲੇ। ਪਿਓ ਦੀਆਂ ਗਾਲਾਂ ਮਾਰਾਂ ਸਹਿਦੇ ਸਹਿਦੇ ਉਹ ਏਨੀ ਵੱਡੀ ਹੋ ਗਈ ਸੀ। ਪਰ ਹਾਂ, ਹੁਣ ਉਹ ਏਨੀ ਸਮਝਦਾਰ ਜਾਂ ਸਾਊ ਨਹੀਂ ਰਹੀ ਸੀ। ਘਰਦਿਆਂ ਤੋਂ ਬਾਗੀ ਹੋ ਗਈ ਸੀ। ਸਕੂਲ ਤੋਂ ਘਰ ਆਉਂਦਿਆਂ ਈ ਉਸਨੇ ਬਾਹਰ ਪਏ ਸੋਫੇ ਤੇ ਆਪਣਾ ਬੈਗ ਸੁੱਟਿਆ ਤੇ ਕਮਰੇ ਚ ਚਲੀ ਗਈ। ਮਾਂ ਨੇ ਜਿੱਦਾਂ ਈ ਉਸ ਨੂੰ ਆਈ ਦੇਖਿਆ ਤਾਂ ਰੋਟੀ ਪਾ ਕੇ ਕਮਰੇ ਚ ਭਜੀ ਗਈ। ਜਿਵੇਂ ਈ ਉਸਨੇ ਰੋਟੀ ਦਾ ਥਾਲ ਅੱਗੇ ਵਦਾਇਆ ਉਸਦੀਆਂ ਸੁਜੀਆਂ ਬਾਹਵਾਂ

ਦੇਖ ਕੇ ਸੁਨੀਤਾ ਬਰਸ ਪਈ “ਅੱਜ ਫੇਰ ਉਸਨੇ ਤੈਨੂੰ ਮਰਿਆ ਨਾ? ਦੇਖ ਮਾਂ ਮੈਨੂੰ ਹੁਣ ਤੇਰੇ ਤੇ ਤਰਸ ਨਹੀਂ ਗੁੱਸਾ ਆਉਂਦਾ ਤੂੰ ਕਿਉਂ ਰਹਿਣੀ ਇਹੋ ਜਿਹੇ ਆਦਮੀ ਨਾਲ ਇਸਨੇ ਤੈਨੂੰ ਮਾਰ ਦੇਣਾ ਦੇਖੀ ਕਿੱਸੇ ਦਿਨ”। “ਦੇਖ ਧੀਏ, ਮੈਂ ਪਹਿਲਾ ਵੀ ਤੈਨੂੰ ਸਮਝਾਇਆ, ਸਾਡੀ ਔਰਤਾਂ ਦੀ ਇਹੀ ਜੂਨ ਹੈ, ਪਤੀ ਹੀ ਮੇਰਾ ਪਰਮੇਸ਼ਰ ਹੈ, ਮੈਂ ਉਸ ਨਾਲ ਹੀ ਪੂਰੀ ਹਾਂ, ਉਸਤੋਂ ਬਾਰੀ ਹੋ ਕੇ ਜੇ ਮੈਂ ਕੁਝ ਕੀਤਾ ਤਾਂ ਇਹ ਸਮਾਜ ਮੈਨੂੰ ਜੀਣ ਨਹੀਂ ਦੇਵੇਗਾ” ਮਾਂ ਸਮਝਾਉਂਦੇ ਹੋਏ ਬੋਲੀ। ਸੁਨੀਤਾ ਪਹਿਲਾਂ ਹੱਸੀ ਫੇਰ ਤਾੜੀਆਂ ਮਾਰਦੀ ਖੜੀ ਹੋ ਗਈ “ਵਾਹ ਓਏ ਤੇਰੇ ਮੇਰੀ ਭਾਰਤੀ ਨਾਰੀ! ਤੁਸੀ ਔਰਤਾਂ ਇਹਨਾਂ ਮਰਦਾਂ ਥਲੇ ਦਬ ਕੇ ਸਾਰੀ ਉਮਰ ਗੁਜ਼ਾਰ ਦਿੰਦਿਆਂ, ਤੇ ਸੀ ਤਕ ਨਹੀਂ ਕਰਦੀਆਂ, ਐਸੇ ਕਰਕੇ ਇਹਨਾਂ ਨੂੰ ਸ਼ੇਹ ਮਿਲਦੀ, ਇਹ ਥੋਨੂੰ ਆਪਣੇ ਆਪ ਤੋਂ ਨੀਵਾਂ ਸਮਝਦੇ, ਤੂੰ ਖੜ ਆਪਣੇ ਆਪ ਲਈ, ਇਕ ਵਾਰ ਜਵਾਬ ਤਾਂ ਦੇ, ਮੈਂ ਤੇਰੇ ਨਾਲ ਆ”। “ਨਹੀਂ ਪੁੱਤ, ਜੇ ਮੈਂ ਕੁਝ ਬੋਲੀ ਤਾਂ ਇਹ ਮੈਨੂੰ ਤੇ ਨਾਲ ਈ ਤੈਨੂੰ ਸਾਨੂੰ ਦੋਵਾਂ ਨੂੰ ਘਰੋਂ ਕੱਢ ਦਊ, ਕਿੱਥੇ ਜਾਵਾਂਗੇ ਅਪਾਂ, ਮੇਰੀ ਮਾਂ ਨੇ ਵੀ ਮੈਨੂੰ ਨਹੀਂ ਰੱਖਣਾ, ਕਿੱਥੇ ਜਾਉਂ ਮੈ ਜਵਾਨ ਧੀ ਨੂੰ ਲੈ ਕੇ, ਜੇ ਮੇਰੀ ਕੱਲੀ ਦੀ ਗੱਲ ਹੋਵੇ ਤਾਂ ਮੈਂ ਸੋਚ ਵੀ ਲਵਾਂ, ਪਰ ਹੁਣ ਮੇਰੇ ਨਾਲ ਤੂੰ ਵੀ ਜੁੜੀ ਐਂ, ਕੀ ਕਰਾਂਗੇ, ਕਿੱਥੇ ਜਾਵਾਂਗੇ?” ਮਾਂ ਨੇ ਕਿਹਾ। “ਤੇਰਾ ਰੋਜ ਦਾ ਇਹੀ ਆ, ਜੇ ਇੰਜ ਈ ਮਾਰ ਖਾਣੀ ਐ ਤਾਂ ਹੁਣ ਮੇਰੇ ਮੂਹਰੇ ਆ ਕੇ ਨਾ ਰੋਵੀਂ ਜੱਦ ਤੱਕ ਤੂੰ ਆਪ ਨਹੀਂ ਬੋਲੇਂਗੀ, ਮੈਂ ਕੁਝ ਨਹੀਂ ਕਰ ਸਕਦੀ”। ਕਹਿੰਦੇ ਹੋਏ ਸੁਨੀਤਾ ਬੈਠੀ ਤੇ ਰੋਟੀ ਖਾਣ ਲੱਗ ਪਈ ਤੇ ਮਾਂ ਉਸਦੇ ਕੋਲ ਈ ਬੈਠ, ਉਸਦੇ ਸਿਰ ਤੇ ਹੱਥ ਫੇਰਦੀ ਬੋਲੀ “ਦੇਖ ਧੀਏ! ਮੈਨੂੰ ਪਤਾ ਤੂੰ ਮੈਨੂੰ ਬਹੁਤ ਪਿਆਰ ਕਰਦੀ ਐਂ, ਤੂੰ ਹਲੇ ਨਿੱਕੀ ਐ, ਏਨੀ ਸਮਝ ਨਹੀਂ ਤੈਨੂੰ, ਇਕ ਔਰਤ ਹੋਣ ਦੇ ਨਾਤੇ, ਮੇਰੇ ਤੇ ਕਈ

ਜਿੰਮੇਵਾਰੀਆਂ ਹਨ, ਕਈ ਰਿਸ਼ਤੇ ਨੇ ਜਿੰਨਾ ਨੂੰ ਮੈਂ ਸਮੇਟ ਕੇ ਰੱਖਣਾ ਐ"। "ਤਾਂ ਲਾਹਨਤ ਐ, ਇਹੋ ਜਿਹੇ ਰਿਸ਼ਤਿਆਂ ਤੇ, ਜੋ ਤੈਨੂੰ ਏਨਾ ਜੁਲਮ ਸਹਿਣਾ ਪੈਂਦਾ ਐਂ"। ਸੁਨੀਤਾ ਨੇ ਖਾਣੇ ਦੀ ਥਾਲੀ ਚਕ ਕੇ ਮਾਰੀ ਤੇ ਕੁੜ੍ਹਦੀ ਹੋਈ ਬਹਾਰ ਨੂੰ ਚਲੀ ਗਈ। ਫੇਰ ਵਾਪਸ ਆਈ ਤੇ ਬੋਲੀ "ਮੇਰੀ ਗੱਲ ਸੁਣ ਲੇ, ਕੱਲ ਮਹਿਲਾ ਦਿਵਸ ਐ, ਪਤਾ ਐ ਨਾ ਤੈਨੂੰ? ਅੱਜ ਦਾ ਦਿਨ ਸੋਚ ਲਾ, ਹੁਣ ਜੇ ਕੱਲ ਉਹ ਆਦਮੀ ਇੱਕ ਗੱਲ ਵੀ ਤੈਨੂੰ ਬੋਲਿਆ, ਜਾ ਤੇਰੇ ਤੇ ਹੱਥ ਚੱਕੇਆ, ਮੈਂ ਇਸ ਵਾਰ ਪੁਲਿਸ ਬੁਲਾਉਂਗੀ, ਮੈਨੂੰ ਕੋਈ ਫ਼ਰਕ ਨਹੀਂ ਪੈਂਦਾ ਲੋਕ ਕਿ ਕਹਿਣਗੇ, ਹੁਣ ਤੂੰ ਬੈਠ ਕੇ ਸੋਚ ਲੈ, ਕੇ ਤੂੰ ਬੋਲੇਂਗੀ? ਜਾਂ ਹੁਣ ਮੈਂ ਆਪਣੇ ਤਰੀਕੇ ਨਾਲ ਸਭ ਠੀਕ ਕਰੂੰ" ਕਹਿੰਦੀ ਹੋਈ ਉਹ ਚਲੀ ਗਈ। ਸ਼ਾਮ ਹੋਈ ਸੁਨੀਤਾ ਦਾ ਬਾਪੂ ਵੀ ਘਰ ਆਇਆ, ਸਭ ਨੇ ਰੋਟੀ ਖਾਧੀ ਤੇ ਸੌਂ ਗਏ। ਜਾਗਦਾ ਸੀ, ਤਾਂ ਸਿਰਫ ਇੱਕ ਇਨਸਾਨ, ਉਸਦੀ ਮਾਂ, ਬਾਰ ਬਾਰ ਓਹੀ ਗਲਾਂ ਸੀ ਉਸਦੇ ਦਿਮਾਗ ਵਿੱਚ ਜੋ ਦੁਪਹਿਰੇ ਸੁਨੀਤਾ ਨੇ ਕਹੀਆਂ। "ਕੀ ਕਰਾਂ! ਇੱਕ ਪਾਸੇ ਇਹ ਰਿਸ਼ਤੇ, ਇਜ਼ਤ, ਦੂਜੇ ਪਾਸੇ ਮੇਰਾ ਆਪਣਾ ਵਜੂਦ, ਮੇਰੀ ਧੀ ਦਾ ਭਵਿੱਖ ਪਰ ਹੁਣ!! ਵਿਆਹ ਤੋਂ ਪੰਦਰਾਂ ਸਾਲਾਂ ਬਾਅਦ ਲੋਕ ਕੀ ਕਹਿਣਗੇ? ਕੀ ਸ਼ਦਾ ਚੜਿਆ ਇਸ ਜਨਾਨੀ ਨੂੰ? ਵਿਆਹ ਤੋਂ ਪੰਦਰਾਂ ਸਾਲਾਂ ਬਾਅਦ ਯਾਦ ਆਇਆ ਵੀ ਘਰਵਾਲਾ ਚੱਜ ਦਾ ਨਹੀਂ? ਬੱਸ ਹੁਣ ਕੱਲ ਦਾ ਦਿਨ...ਕੋਈ ਬਖੇੜਾ ਨਾ ਹੋਵੇ, ਰੱਬਾ ਸੁਖਾਲਾ ਦਿਨ ਕੱਢ ਦਵੀਂ ਕੱਲ ਦਾ"। ਰੱਬ ਅੱਗੇ ਹੱਥ ਜੋੜਦੀ ਉਹ ਸੌ ਗਈ।

ਸਵੇਰ ਦਾ ਸੂਰਜ ਅੱਜ ਚਮਕ ਤਾਂ ਰਿਹਾ ਸੀ, ਪਰ ਸੁਨੀਤਾ ਦੀ ਮਾਂ ਨੂੰ ਫ਼ਿਕਰ ਸੀ ਵੀ ਅੱਜ ਕੁਛ ਨਾ ਹੋਵੇ, ਉਹ ਬੜੇ ਧਿਆਨ ਨਾਲ ਸਭ ਕੰਮ ਕਰ ਰਹੀ ਸੀ। ਸੁਨੀਤਾ ਸਵੇਰੇ ਸਵੇਰੇ ਟੀਵੀ ਲਾ ਕੇ ਬੈਠੀ ਸੀ, ਮਹਿਲਾ ਦਿਵਸ ਪੂਰੇ

ਦੇਸ਼ ਵਿੱਚ ਮਨਾਇਆ ਜਾ ਰਿਹਾ ਸੀ ਟੀਵੀ ਤੇ ਹਰ ਪਾਸੇ ਔਰਤ ਦੇ ਰੁਤਬੇ ਦੀਆਂ ਗਲਾਂ ਹੋ ਰਹੀਆਂ ਸਨ ਤੇ, ਸੁਨੀਤਾ, ਬਾਰ ਬਾਰ ਆਪਣੀ ਮਾਂ ਵੱਲ ਦੇਖ ਰਹੀ ਸੀ। "ਰੱਬਾ ਅੱਜ ਦਾ ਦਿਨ ਸੁਖਾਲਾ ਲੰਘਾ ਦਵੀਂ, ਇਸ ਕੁੜੀ ਦਾ ਕੋਈ ਭਰੋਸਾ ਨਹੀ ਕੀ ਕਰ ਦੇਵੇ"। ਉਸਨੇ ਰੱਬ ਅੱਗੇ ਮੁੜ ਹੱਥ ਜੋੜਦੀ ਨੇ ਕਿਹਾ। ਪਰ ਰੱਬ ਨੂੰ ਵੀ ਅੱਜ ਕੁਝ ਹੋਰ ਈ ਮੰਜ਼ੂਰ ਸੀ। ਸੁਨੀਤਾ ਦਾ ਬਾਪੂ ਘਰ ਆਇਆ, ਤੇ ਮਾਂ ਨੂੰ ਗੁੱਤੋਂ ਫੜ ਕੇ ਰਸੋਈ ਚੋਂ ਬਾਹਰ ਘਸੀਟ ਲਿਆਇਆ। ਸੁਨੀਤਾ, ਦੇਖਦੀ ਰਹੀ ਉਥੇ ਈ ਖੜੀ ਰਹੀ। "ਕੀ ਦੇਖਦੀ ਐਂ, ਚੱਲ ਦੌੜ ਆਪਣੇ ਕਮਰੇ ਵੱਲ ਨੂੰ, ਨੇਹਿਸ਼ ਜੇਹੀ"। ਪਿਉ ਨੇ ਸੁਨੀਤਾ ਨੂੰ ਧੱਕਾ ਮਾਰ ਕੇ ਕਿਹਾ। ਸੁਨੀਤਾ ਚੁੱਪ ਕਰਕੇ ਖੜੀ ਰਹੀ ਬੱਸ ਦੇਖਦੀ ਰਹੀ। "ਸੁਨੀਤਾ, ਤੈਨੂੰ ਸੁਣਿਆ ਨਹੀਂ? ਅੰਦਰ ਜਾ" ਮਾਂ ਨੇ ਕਿਹਾ। "ਬੱਸ ਹੁਣ, ਤੈਨੂੰ ਯਾਦ ਐ ਨਾ ਮੈਂ ਕੱਲ੍ਹ ਕੀ ਕਿਹਾ ਸੀ, ਹੁਣ ਤੂੰ ਦਸ ਦੇ ਕੀ ਕਰਨਾ, ਤੂੰ ਕੁਝ ਕਰੇਂਗੀ ਕੇ ਮੈਂ ਕਰਾਂ?" ਸੁਨੀਤਾ ਨੇ ਕਿਹਾ। "ਕੀ ਕਰੇਂਗੀ ਨੀ ਤੂੰ, ਤੁਸੀਂ ਔਰਤਾਂ ਕਮਜ਼ੋਰ ਉ ਕੁਝ ਨਹੀਂ ਕਰ ਸਕਦੀਆਂ" ਬਾਪੂ ਨੇ ਮਾਂ ਨੂੰ ਧੱਕਾ ਮਾਰ ਕੇ ਸੁੱਟ ਦਿੱਤਾ "ਲੈ, ਦੱਸ ਕੀ ਕਰੇਂਗੀ ਤੂੰ? ਤੇਰੀ ਮਾਂ, ਇਹ ਪੰਦਰਾਂ ਸਾਲਾਂ ਤੋਂ ਕੁੱਟ ਖਾਂਦੀ, ਅੱਜ ਤੱਕ ਨਹੀਂ ਬੋਲੀ ਹੁਣ ਕੀ ਕਰੇਗੀ?" ਹੱਸਦੇ ਹੋਏ ਉਸਦੇ ਬਾਪੂ ਨੇ ਕਿਹਾ। ਸੁਨੀਤਾ ਭੱਜ ਕੇ ਅੰਦਰ ਚਲੀ ਗਈ। ਉਸਦਾ ਬਾਪੂ, ਆਪਣੇ ਆਪ ਨੂੰ ਸਰਵਸ਼ਕਤੀਸ਼ਾਲੀ ਸਮਝਦਾ ਹੋਇਆ ਉਸਦੀ ਮਾਂ ਨੂੰ ਕੁੱਟਣ ਲੱਗ ਪਿਆ। ਕਸੂਰ ਕੀ ਸੀ ਉਸਦਾ, ਹਲੇ ਤੱਕ ਕਿੱਸੇ ਨੂੰ ਨਹੀਂ ਸੀ ਪਤਾ। ਸੁਨੀਤਾ ਅੰਦਰ ਗਈ, ਵੋਮੈਨ ਹੇਲਪਲਾਈਨ ਤੇ ਫੋਨ ਕੀਤਾ ਤੇ ਪੁਲਿਸ ਅਗਲੇ ਪੰਜਾਂ ਮਿੰਟਾਂ ਚ ਓਹਨਾ ਦੇ ਘਰ ਅੰਦਰ ਸੀ। ਮਾਂ ਦੇ ਲੱਗੀਆਂ ਸਟਾਂ ਸਾਫ ਦਸ ਰਹੀਆਂ ਸੀ, ਕੇ ਬਹੁਤ ਬੁਰੀ ਤਰਾਂ ਕੁੱਟਿਆ ਗਿਆ ਹੈ। ਉਸਦੇ ਬਾਪੂ ਕੋਲੋ ਪੁੱਛ ਗਿੱਛ ਹੋ

ਰਹੀ ਸੀ, ਇੰਸਪੈਕਟਰ ਔਰਤ ਸੀ, ਤੇ ਉਹ ਉਸਨੂੰ ਨੀਵਾਂ ਦਿਖਾ ਦਿਖਾ ਕਹਿ ਰਿਹਾ ਸੀ "ਤੂੰ ਔਰਤ ਐਂ, ਤੇ ਮੈਂ ਮਰਦ, ਤੂੰ ਕੀ ਕਰ ਲਵੇਗੀ ਮੇਰਾ?" ਇੰਸਪੈਕਟਰ ਹਸਦੀ ਹੋਈ ਬੋਲੀ "ਚਲੋ ਮੇਰੇ ਨਾਲ ਪੁਲਿਸ ਸਟੇਸ਼ਨ ਉਥੇ ਈ ਦਸੂੰ ਵੀ ਕਿ ਕਰੂੰ ਮੈਂ ਤੇਰਾ!" "ਪੁੱਤਰ, ਤੇਰੀ ਹਿੰਮਤ ਦੀ ਮੈਂ ਤਰੀਫ ਕਰਦੀ ਹਾਂ, ਤੂੰ ਅਪਣੀ ਮਾਂ ਨੂੰ ਉਸ ਦਲਦਲ ਵਿਚੋਂ ਨਿਕਲਣ ਵਿਚ ਮਦਦ ਕੀਤੀ, ਜਿਸ ਵਿਚੋਂ ਨਿਕਲਣ ਲਈ ਔਰਤਾਂ ਹਿੰਮਤ ਨਹੀਂ ਬਟੋਰ ਸਕਦੀਆਂ, ਮਹਿਲਾ ਦਿਵਸ ਤਾਂ ਅੱਜ ਸਹੀ ਮਾਇਨੇ ਵਿਚ ਤੂੰ ਮਨਾਇਆ ਹੈ ਮੈਂ ਪੂਰੀ ਕੋਸ਼ਿਸ਼ ਕਰਾਂਗੀ ਕੇ ਇਸ ਆਦਮੀ ਨਾਲ ਦੁਬਾਰਾ ਥੋੜਾ ਕੋਈ ਰਿਸ਼ਤਾ ਨਾ ਰਹੇ"। ਕਹਿੰਦੇ ਹੋਏ ਇੰਸਪੈਕਟਰ ਨੇ ਸੁਨੀਤਾ ਨੂੰ ਸ਼ਾਬਾਸ਼ੀ ਦਿੱਤੀ। "ਪਰ ਠਾਣੇਦਾਰਨੀ ਜੀ, ਇਸਨੂੰ ਤਾਂ ਤੁਸੀਂ ਲੇ ਚਲੇਂ, ਮੈਂ ਆਪਣੀ ਧੀ ਨੂੰ ਲੈ ਕੇ ਕਿੱਥੇ ਜਾਉਂ?" ਉਸਦੀ ਮਾਂ ਨੂੰ ਫ਼ਿਕਰ ਸੀ। "ਉਸਦੀ ਫ਼ਿਕਰ ਤੁਸੀ ਨਾ ਕਰੋ, ਤੁਹਾਨੂੰ ਤੁਹਾਡੇ ਘਰ ਛੱਡ ਕੇ ਆਇਆ ਜਾਵੇਗਾ, ਤੇ ਸਮਝਾ ਦਿੱਤਾ ਜਾਵੇਗਾ ਘਰਦਿਆਂ ਨੂੰ ਵੀ, ਤੇ ਖਰਚੇ ਦੀ ਫ਼ਿਕਰ ਤੁਸੀਂ ਨਾ ਕਰੋ, ਖਰਚਾ ਥੋਨੂੰ ਮਹੀਨੇ ਦਾ ਇਹੀ ਦੇਵੇਗਾ, ਬਾਕੀ ਬੱਚੀ ਥੋਡੀ ਬਹੁਤ ਹੁਸ਼ਿਆਰ ਹੈ, ਇਸਨੂੰ ਖੂਬ ਪੜ੍ਹਾਓ"। ਕਹਿੰਦੇ ਹੋਏ ਇੰਸਪੈਕਟਰ ਉਸਦੇ ਬਾਪੂ ਨੂੰ ਲੈ ਕੇ ਥਾਣੇ ਚਲੀ ਗਈ ਤੇ ਸੁਨੀਤਾ ਤੇ ਉਸਦੀ ਮਾਂ ਇਕ ਦੂਜੇ ਦੇ ਗੱਲ ਲੱਗ ਗਈਆਂ।

## 8. ਮਿੱਟੀ ਦੀ ਮਹਿਕ

ਇੰਗਲੈਂਡ ਦੇ ਇੱਕ ਟਾਊਨ ਵਿੱਚ ਕਾਫ਼ੀ ਵੱਡਾ ਘਰ, ਜਿੱਥੇ ਗਾਰਡਨ ਵਿੱਚ ਬੈਠਾ ਦਮਨ ਅੱਖਬਾਰ ਪੜ੍ਹਦਾ ਕਦੇ ਅYਨਕ ਸਿਰ ' ਤੇ ਚੜ੍ਹਾ ਲੈਂਦਾ, ਕਦੇ ਸਿਰ ਤੋਂ ਲਾਹ ਲੈਂਦਾ। ਉਂਝ ਤਾਂ ਉਹ ਮੂਲ ਤੋਂ ਪੰਜਾਬੀ ਸੀ, ਪਰ ਆਪਣੇ ਪਿਤਾ ਦੇ ਇੰਗਲੈਂਡ ਆਉਣ ਮਗਰੋਂ ਉਹ ਪਿਛਲੇ ਵੀਹ ਸਾਲਾਂ ਤੋਂ ਏਧਰ ਹੀ ਰਹਿ ਰਿਹਾ ਸੀ। “ਨੀ ਕੁੜੀਏ..! ਜਾਹ ਜਾ ਕੇ ਸਰਦਾਰਨੀ ਕੋਲੋਂ ਚਾਹ ਫੜ ਲਿਆ” ਉਸਨੇ ਪੰਜਾਬ ਤੋਂ ਲਿਆਂਦੀ ਸੋਲਾਂ ਸਾਲਾਂ ਦੀ ਅਨੀਤਾ ਨੂੰ ਕਿਹਾ। ਓਹ ਅੰਦਰ ਰਸੋਈ ' ਚ ਸਰਦਾਨੀ ਕੋਲ ਜਾ ਵੜੀ।

ਇੰਗਲੈਂਡ ਰਹਿੰਦੀਆਂ ਉਸ ਦੇ ਘਰ ਦੋ ਅਖਬਾਰ ਆਉਂਦੇ ਸੀ। ਇੱਕ ਅੰਗਰੇਜ਼ੀ, ਦੂਜਾ ਪੰਜਾਬੀ, ਤੇ ਦਮਨ, ਪੰਜਾਬੀ ਅਖਬਾਰ ਪੜ੍ਹਨਾ ਹੀ ਪਸੰਦ ਕਰਦਾ ਸੀ। ਭਾਵੇਂ ਜਵਾਨੀ ਤੋਂ ਉਹ ਇੰਗਲੈਂਡ ਵਸਿਆ ਸੀ, ਪਰ ਅਪਣੀ ਮਿੱਟੀ ਹਲੇ ਵੀ ਉਸਦੀਆ ਨਸਾਂ ਵਿੱਚ ਵੱਸਦੀ ਸੀ। ਆਪਣੇ ਬੱਚਿਆਂ ਨੂੰ ਉਹ ਆਪਣੇ ਸਭਿਆਚਾਰ ਤੋਂ ਜਾਣੂ ਕਰਵਾਉਂਦਾ ਰਹਿੰਦਾ ਸੀ।

ਅੱਜ, 15 ਅਗਸਤ ਸੀ। ਭਾਰਤ ਦਾ ਆਜ਼ਾਦੀ ਦਿਵਸ। ਜਦੋਂ ਦੋ ਸੋ ਸਾਲਾਂ ਬਾਅਦ, ਭਾਰਤ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਹੋ ਖੁੱਲ੍ਹੇ ਸਾਹ ਲੈਣ ਜੋਗਾ ਹੋਇਆ ਸੀ। ਪਰ ਸ਼ਾਇਦ ਸਾਰਾ ਭਾਰਤ ਨਹੀਂ। ਅੰਗਰੇਜ਼ ਜਾਂਦੇ ਜਾਂਦੇ ਇਸ ਧਰਤੀ ਦੇ ਦੋ ਟੋਟੇ ਕਰ ਗਏ। ਪੰਜਾਬ ਵਿੱਚੋਂ ਇੱਕ ਹੋਰ ਦੇਸ਼, ਪਾਕਿਸਤਾਨ ਬਣਾ ਦਿੱਤਾ ਗਿਆ, ਤੇ ਏਨੀ ਮਾਰ ਕਟ ਮਚੀ, ਕੇ ਕੋਈ ਖੁਸ਼ਨਸੀਬ ਹੀ ਹੁੰਦਾ ਸੀ, ਜੋ ਸਹੀ ਸਲਾਮਤ ਉਸ ਪਾਰ ਪਹੁੰਚ ਜਾਂਦਾ।

ਦਮਨ ਦੇ ਪਿਤਾ ਅਕਸਰ ਉਸਨੂੰ ਇਸ ਵੰਡ ਦੀਆਂ ਕਹਾਣੀਆਂ ਸੁਣਾਉਂਦੇ ਸੀ। ਓਹਨਾ ਨੇ ਦਸਿਆ ਸੀ, ਕਿ ਓਹਨਾ ਦੇ ਗੁਆਂਢ ' ਚ ਇੱਕ ਮੁਸਲਮਾਨ ਵੀਰ

ਰਹਿੰਦੇ ਸੀ। ਦਿਲ ਦੇ ਬਹੁਤ ਸਾਫ ਇਨਸਾਨ, ਰੱਬ ਦਾ ਨਾਮ ਲੈਣ ਵਾਲੇ, ਸਭ ਦੀ ਸੇਵਾ ਕਰਨ ਵਾਲੇ, ਤੇ ਹਰ ਕਿਸ ਨਾਲ ਮਿੱਠੜਾ ਬੋਲਣ ਵਾਲੇ। ਦਮਨ ਦੇ ਪਿਤਾ ਉਹਨਾਂ ਨੂੰ ਪਰਿਵਾਰ ਸਮੇਤ ਆਪ ਲਕੋ ਕੇ ਪਾਕਿਸਤਾਨ ਛੱਡ ਆਏ ਸੀ। ਦਮਨ ਦੇ ਪਿਤਾ ਨਾ ਉਹਨਾਂ ਦੀ ਅਮਾਨਤ, ਓਹਨਾ ਦਾ ਘਰ, ਬਹੁਤ ਸੰਭਾਲ ਕੇ ਰਖਿਆ ਸੀ, ਤੇ ਸਭ ਸ਼ਾਂਤ ਹੋਣ ਮਗਰੋਂ ਉਹ ਕਦੇ ਕਦੇ ਏਧਰ ਆ ਜਾਂਦੇ ਸੀ। ਪਰ ਹੁਣ ਜਾਣੇ ਉਸ ਘਰ ਦਾ ਕਿ ਹੋਇਆ ਹੁਣਾ?। ਉਸਨੂੰ ਪੰਜਾਬ ਗਏ ਨੂੰ ਕਿੰਨੇ ਸਾਲ ਹੋ ਗਏ ਸੀ, ਇਸ ਗੱਲ ਦਾ ਉਸਨੂੰ ਆਪ ਵੀ ਯਾਦ ਨਹੀਂ ਸੀ।

ਪੰਜਾਂ ਮਿੰਟਾਂ ਵਿੱਚ ਉਹ ਕਿੰਨੀ ਦੂਰ ਦੁਰਾਡੇ ਦੇ ਖਿਆਲਾਂ ਦੀ ਸੈਰ ਕਰ ਆਇਆ ਸੀ, ਇਸ ਗੱਲ ਦਾ ਪਤਾ ਉਸਨੂੰ ਉਦੋਂ ਲਗਿਆ, ਜਦੋਂ ਅਨੀਤਾ ਨੇ ਚਾਹ ਲਿਆ ਟੇਬਲ ' ਤੇ ਰੱਖੀ। “ਸਰਦਾਰ ਜੀ, ਚਾਹ ਪੀ ਲਓ” ਕਹਿ ਕੇ ਉਸਨੇ ਜਿਵੇਂ ਦਮਨ ਨੂੰ ਪੰਜਾਬ ਦੇ ਖਿਆਲਾਂ ਵਿਚੋਂ ਬਾਹਰ ਧਕੇਲ, ਮੁੜ ਇੰਗਲੈਂਡ ਦੇ ਗਾਰਡਨ ਵਿੱਚ ਲਿਆ ਸੁੱਟਿਆ ਸੀ। “ਹਾਂ...ਰੱਖਦੇ” ਦਮਨ ਨੇ ਕੁੱਝ ਸੋਚਦੇ ਹੋਏ ਕਿਹਾ।

ਉਸਨੇ ਫੋਨ ਚੱਕਿਆ, ਤੇ ਪੰਜਾਬ ਅਪਣੀ ਭੂਆ ਨੂੰ ਫੋਨ ਲਾਇਆ ਸੁੱਖ ਸਾਂਦ ਪੁੱਛੀ, ਤੇ ਗਲਾਂ ਕਰਦੇ ਕਰਦੇ ਬੋਲਿਆ “ਅੱਛਾ ਭੂਆ, ਕਦੇ ਘਰ ਵੱਲ ਨੂੰ ਚੱਕਰ ਮਾਰ ਆਉਂਦੀ, ਦੇਖ ਲੈਂਦੀ, ਕਿਵੇਂ ਸਾਂਭ ਸੰਭਾਲ ਹੈ ਕਿ ਨਹੀਂ?” ਭੂਆ ਵੀ ਹੈਰਾਨ ਸੀ, ਵੀ ਕਦੇ ਪਹਿਲਾ ਤਾਂ ਘਰ ਦੀ ਯਾਦ ਆਈ ਨਹੀਂ, ਤਾਂ ਅੱਜ ਕਿਵੇਂ? ਉਸਨੇ ਹਾਂ ਹੂੰ ਕਰਕੇ ਦਿਲਾਸਾ ਦੇ ਦਿੱਤਾ। ਦਮਨ ਨੇ ਫੋਨ ਰਖਿਆ, ਪਰ ਦਿਲ ਨੂੰ ਚੈਨ ਹਲੇ ਵੀ ਨਹੀਂ ਸੀ। ਬਚਪਨ ਦੀਆਂ ਯਾਦਾਂ ਮੁੜ ਅੱਖਾਂ ਮੂਹਰੇ ਫੇਰਾ ਪਾਉਣ ਲਗੀਆਂ, ਉਸਦੀ ਬੀਬੀ ਉਸਦਾ ਕਿੰਨਾ ਲਾਡ ਕਰਦੀ

ਸੀ। ਹਰ ਵੇਲੇ ਉਹ ਬੀਬੀ ਦੇ ਸੂਟ ਦਾ ਲੜ ਫੜ, ਉਸਦੇ ਮਗਰ ਮਗਰ ਹੀ ਰਹਿੰਦਾ ਸੀ। ਫੇਰ ਇਕ ਦਿਨ ਉਸਦਾ ਬਾਪੂ, ਉਸਨੂੰ ਤੇ ਉਸਦੀ ਮਾਂ ਨੂੰ ਪਿੰਡੋਂ ਲੈ ਗਿਆ ਤੇ ਮੁੜ ਉਹ ਕਦੇ ਪਿੰਡ ਨਹੀਂ ਆਏ। ਉਸਨੇ ਮੁੜ ਕਦੇ ਬੀਬੀ ਨੂੰ ਵੀ ਨਹੀਂ ਦੇਖਿਆ, ਪਤਾ ਨਹੀਂ ਉਹ ਕਦੋਂ ਪੂਰੀ ਹੋ ਗਈ, ਬਾਪੂ ਕਦੇ ਉਸਨੂੰ ਮੁੜ ਪਿੰਡ ਨਹੀਂ ਲੈ ਕੇ ਗਿਆ, ਤੇ ਉਹ ਇਸ ਬੇਗਾਨੀ ਧਰਤੀ ਨੂੰ ਹੀ ਅਪਣਾ ਮਨ ਉਮਰ ਕੱਟੀ ਜਾਂਦਾ ਸੀ।

ਉਸਦੇ ਬੱਚੇ, ਇੰਡੀਆ ਨੂੰ ਪਸੰਦ ਨਹੀਂ ਸਨ ਕਰਦੇ। ਓਹਨਾ ਨੂੰ ਲਗਦਾ ਸੀ ਕਿ ਉਥੇ ਬੱਸ ਗਰੀਬੀ, ਤੇ ਮਿੱਟੀ ਘੱਟਾ ਹੈ। ਹਾਲਾਂਕਿ ਦਮਨ ਬਾਰ ਬਾਰ ਦੱਸਦਾ ਸੀ, ਵੀ ਕਿੰਨਾ ਅਮੀਰ ਸੱਭਿਆਚਾਰ ਹੈ ਪੰਜਾਬ ਦਾ, ਦੇਸ਼ ਦਾ, ਪਰ ਬੱਚਿਆਂ ਨੇ ਆਪਣੀ ਅੱਖੀਂ ਤਾਂ ਕਦੇ ਨਹੀਂ ਸੀ ਦੇਖਿਆ, ਤੇ ਬਾਹਰੋਂ ਸੁਣੀਆਂ ਸੁਣਾਈਆਂ ਗੱਲਾਂ ' ਤੇ ਉਹ ਜਿਆਦਾ ਯਕੀਨ ਰੱਖਦੇ ਸਨ। ਉਸਨੇ ਸੋਚਿਆ, ਕਿ ਕਿਉਂ ਨਾ ਇਸ ਵਾਰ ਬੱਚਿਆਂ ਨੂੰ ਪੰਜਾਬ ਘੁੰਮਾ ਲਿਆਇਆ ਜਾਵੇ, ਸੱਭਿਆਚਾਰ ਨਾਲ ਜਾਣੂ ਕਰਾਇਆ ਜਾਵੇ।

ਉਸਨੇ ਸਰਦਾਰਨੀ ਨੂੰ ਆਵਾਜ਼ ਮਾਰੀ, ਤੇ ਉਸ ਨਾਲ ਇਸ ਬਾਰੇ ਸਲਾਹ ਕੀਤੀ। "ਹੁਣ ਕੀ ਫਾਇਦਾ ਜਾਣ ਦਾ, ਕੀ ਕਰਾਂਗੇ, ਘਰ ਹੈ ਵੀ ਕੇ ਨਹੀਂ?, ਨਾਲੇ ਏਧਰ ਕੰਮ ਕੌਣ ਸੰਭਾਲੂ? ਨਾਲੇ ਹੁਣ ਤੁਹਾਨੂੰ ਵੀ ਪਤਾ, ਹੁਣ ਦੇਸ਼ ਤੇ ਪੰਜਾਬ ਉਹੋ ਜੇਹਾ ਨਹੀਂ ਰਿਹਾ, ਜਿਹੋ ਜਿਹਾ ਅਸੀਂ ਛੱਡ ਆਏ ਸਾਂ, ਹੁਣ ਤਾਂ ਬੱਚੇ ਗਲਾਂ ਸੁਣ ਸੁਣ ਫੇਰ ਵੀ ਕੁੱਝ ਚੰਗਾ ਸਮਝਦੇ ਨੇ, ਪਰ ਜੇ ਇੱਕ ਵਾਰ ਜਾ ਆਏ, ਤਾਂ ਬਿਲਕੁਲ ਹੀ ਮਾੜਾ ਸਮਝਣਗੇ"। ਦਿਲ ਤਾਂ ਦਮਨ ਦਾ ਬਹੁਤ ਸੀ ਜਾਣ ਦਾ, ਪਰ ਇਹ ਵੀ ਗੱਲ ਸਹੀ ਲੱਗੀ। ਫੇਰ ਉਸਨੇ ਸੋਚਿਆ, ਵੀ

ਜਰੂਰੀ ਨਹੀ, ਬੱਚੇ ਵੀ ਜਾਣ, ਮੈਂ ਕੱਲਾ ਜਾ ਆਉਣਾ। ਫੇਰ ਗੱਲ ਓਥੇ ਆ ਗਈ, ਕਿ ਕੰਮ ਕਾਰ ਕੌਣ ਸੰਭਾਲੂ?

ਏਨੇ ਨੂੰ ਅਨੀਤਾ ਨੇ ਆ ਕੇ ਕਿਹਾ "ਸਰਦਾਰ ਜੀ, ਮੈਂ ਪੰਜਾਬ ਜਾਣਾ ਸੀ, ਘਰੋਂ ਫੋਨ ਆਇਆ, ਵੀ ਮੇਰੇ ਵਿਆਹ ਦੀ ਤਰੀਕ ਰੱਖ ਦਿੱਤੀ ਐ, ਤੇ ਸਮਾਨ ਖਰੀਦਣਾ ਐ, ਹੋ ਸਕੇ ਤਾਂ ਥੋੜ੍ਹੇ ਪੈਸੇ ਵੀ ਦੇ ਦਿਓ"। ਦਮਨ ਨੇ ਹੂੰ ਕਹਿ ਕੇ ਹੁੰਗਾਰਾ ਭਰ ਦਿੱਤਾ, ਤੇ ਸੋਚਿਆ, ਜੋ ਪੰਜਾਬ ਰਹਿੰਦੇ, ਕਿੰਨੇ ਨਸੀਬਾਂ ਵਾਲੇ ਨੇ, ਅਸੀਂ ਦੂਰ ਦੁਰਾਡੇ, ਨਾ ਘਰ ਦੀ ਖਬਰ, ਨਾ ਮਗਰੋਂ ਕੋਈ ਪਰਿਵਾਰ, ਕਿਸ ਲਈ ਜਾਈਏ, ਕਿਸ ਬਹਾਨੇ ਜਾਈਏ, ਦਿਲ ਤਾਂ ਬਹੁਤ ਕਰਦਾ, ਆਪਣੀ ਮਿੱਟੀ ਤੇ ਪੈਰ ਧਰਣ ਦਾ, ਉਸਨੂੰ ਚੱਕ ਮੱਥੇ ਤੇ ਲਾਉਣ ਦਾ, ਪਰ ਇਹ ਅਮੀਰੀਆਂ ਪੈਸੇ ਦੀਆਂ, ਛੇਲਣੀਆਂ ਆਸਾਨ ਨਹੀ ਹੁੰਦੀਆ ਤੇ ਪੰਜਾਬ ਦਾ ਖਿਆਲ ਦਿਲ ' ਚੋਂ ਕੱਢ ਉਹ ਮੁੜ ਅਖਬਾਰ ਵਿੱਚ ਅੱਖਾਂ ਗੱਡ ਬੈਠ ਗਿਆ।

E-mail: kauranmol274@gmail.com

Instagram: anm0l_k

Read more like this at

www.punjabilibrary.com